# ਕੈਨੇਡਾ ਦਰਪਣ

ਅਗਸਤ 16, 1984

**August 16, 1984**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ।

AUGUST 16, 1984

Second Class Mail - Reg. No. 5991 ਕੀਮਤ 30¢

Out of Greater Vancouver
Price 40¢

# ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 30 August 16, 1984
Editor's Res. PHONE. (604)321-6360

THE CANADA DARPAN
Punjabi Fortnightly Newspaper

# 2 ਸਤੰਬਰ ਨੂੰ ਸਿਖ ਕਾਨਫਰੰਸ

## 'ਸਰਬੱਤ ਖਾਲਸਾ' ਦੇ ਨਾਂ ਹੇਠ ਕਾਨਫਰੰਸ ਦਾ ਵਿਰੋਧ

**ਅੰਮ੍ਰਿਤਸਰ** - ਪੰਜ ਸਿੰਘ ਸਾਹਿਬਾਨ ਨੇ 11 ਅਗਸਤ ਨੂੰ ਹੋਈ ਕਾਨਫਰੰਸ ਨੂੰ ਸਰਕਾਰੀ ਕਾਨਫਰੰਸ ਦਾ ਨਾਂ ਦਿੱਤਾ ਹੈ। ਇਸ ਕਾਨਫਰੰਸ ਨੂੰ ਰੱਦ ਕਰਦੇ ਹੋਏ ਪੰਜ ਸਿੰਘ ਸਾਹਿਬਾਨ ਨੇ ਸੰਸਾਰ ਭਰ ਦੇ ਸਿੱਖ ਲੀਡਰਾਂ ਦੀ ਇਕ ਕਾਨਫਰੰਸ 2 ਸਤੰਬਰ ਨੂੰ ਬੁਲਾਈ ਹੈ।

### 11 ਅਗਸਤ ਨੂੰ ਹੋਈ ਕਾਨਫਰੰਸ

11 ਅਗਸਤ ਨੂੰ ਹੋਈ 'ਸਰਬੱਤ ਖਾਲਸਾ' ਦੇ ਨਾਂ ਥੱਲੇ ਕਾਨਫਰੰਸ ਦਾ ਅੰਮ੍ਰਿਤਸਰ ਵਿੱਚ ਸਿੱਖਾਂ ਵੱਲੋਂ ਬਾਈਕਾਟ ਕੀਤਾ ਗਿਆ ਪਰ ਪੰਜਾਬ ਦੇ ਵੱਖ ਵੱਖ ਥਾਵਾਂ ਤੋਂ ਅਤੇ ਦੂਜੇ ਸੂਬਿਆਂ ਤੋਂ ਟਰੱਕਾਂ, ਬੱਸਾਂ, ਟਰਾਲੀਆਂ ਤੇ ਲਿਆਂਦੇ ਗਏ 75,000 ਸਿੱਖਾਂ ਨੇ ਇਸ ਕਾਨਫਰੰਸ ਵਿੱਚ ਹਿਸਾ ਲਿਆ। ਕਈਆਂ ਅਖਬਾਰ ਏਜੰਸੀਆਂ ਨੇ ਇਹ ਗਿਣਤੀ 50,000 ਵੀ ਦੱਸੀ ਹੈ। ਪੀ. ਟੀ. ਆਈ. ਅਨੁਸਾਰ ਇਹ ਗਿਣਤੀ ਇਕ ਲੱਖ ਤੋਂ ਉਪਰ ਦੱਸੀ ਗਈ ਹੈ।

ਪ੍ਰਤੀਨਿਧ ਅਨੁਸਾਰ ਇਸ ਨੂੰ 'ਸਰਬੱਤ ਖਾਲਸਾ ਕਾਨਫਰੰਸ' ਦਾ ਨਾਂ ਦਿੱਤਾ ਗਿਆ। ਜਦ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਨੂੰ ਸਰਕਾਰੀ ਕਾਨਫਰੰਸ ਦਾ ਨਾਂ ਦਿੱਤਾ ਹੈ।

ਇਸ ਕਾਨਫਰੰਸ ਦੀ ਪ੍ਰਧਾਨਗੀ ਪਟਨਾ ਸਾਹਿਬ ਦੇ ਜਥੇਦਾਰ ਮਾਨ ਸਿੰਘ ਨੇ ਕੀਤੀ ਅਤੇ ਬੁੱਢਾ ਦਲ ਦੇ ਨਿਹੰਗ ਆਗੂ ਬਾਬਾ ਸੰਤਾ ਸਿੰਘ ਨੂੰ 'ਕਾਰ ਸੇਵਾ' ਸੰਭਾਲਣ ਤੇ 'ਸਿਰੋਪਾ' ਦਿੱਤਾ ਗਿਆ। ਯਾਦ ਰਹੇ ਕਿ ਸਭ ਵਿਰੋਧੀ ਪਾਰਟੀਆਂ ਨੇ ਵੀ ਬਾਬਾ ਸੰਤ ਸਿੰਘ ਵੱਲੋਂ 1 ਅਗਸਤ ਤੋਂ ਸ਼ੁਰੂ ਕੀਤੀ 'ਕਾਰ ਸੇਵਾ' ਦਾ ਵਿਰੋਧ ਕੀਤਾ ਹੈ। ਕਾਨਫਰੰਸ ਦੇ ਬੁਲਾਰਿਆਂ ਨੇ ਸਿੰਘ ਸਾਹਿਬਾਨ ਦੇ ਬਿਆਨਾਂ ਦੀ ਆਲੋਚਨਾ ਕੀਤੀ ਅਤੇ ਜਥੇਦਾਰ ਟੌਹੜਾ ਅਤੇ ਸੰਤ ਲੌਂਗੋਵਾਲ ਨੂੰ ਇਸ ਸਥਿਤੀ ਦਾ 'ਦੋਸ਼ੀ' ਗਰਦਾਨਿਆ।

### ਪਹਿਲਾਂ ਫੌਜ ਬਾਹਰ ਨਿਕਲੇ

ਸਿੰਘ ਸਾਹਿਬਾਨਾਂ ਨੇ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਜਿੰਨਾ ਚਿਰ ਫੌਜ ਕੰਪਲੇਕਸ ਵਿੱਚੋਂ ਬਾਹਰ ਨਹੀਂ ਕੱਢੀ ਜਾਂਦੀ ਉਨ੍ਹਾਂ ਚਿਰ 'ਕਾਰ ਸੇਵਾ' ਨਹੀਂ ਕਰਨ ਦਿੱਤੀ ਜਾਵੇਗੀ।

### ਨਿਹੰਗ ਸਿੰਘਾਂ ਨੂੰ ਕਾਂਗਰਸੀ ਆਸ਼ੀਰਵਾਦ

ਨਿਹੰਗ ਬਾਬਾ ਸੰਤਾ ਸਿੰਘ ਨੂੰ ਕੇਂਦਰ ਸਰਕਾਰ ਦੇ ਕਾਂਗਰਸੀ ਲੀਡਰਾਂ ਦੀ ਥਾਪਨਾ ਪ੍ਰਾਪਤ ਦੱਸੀ ਜਾਂਦੀ ਹੈ। ਪੰਜਾਬ ਦੇ ਲੋਕਾਂ ਵਿੱਚ ਪਹਿਲਾਂ ਹੀ ਗੁੱਸੇ ਦੀ ਭਾਵਨਾ ਪ੍ਰਬਲ ਹੋਣ ਕਾਰਨ ਹਥਿਆਰਬੰਦ ਨਿਹੰਗ ਜਦੋਂ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਘੁੰਮਦੇ ਹਨ ਤਾਂ ਅਕਸਰ ਲੋਕ ਸਵਾਲ ਪੁੱਛਦੇ ਹਨ ਕਿ ਹੁਣ ਕੇਂਦਰ ਦਾ ਇਹ ਦੋਸ਼ ਕਿ ਇਥੇ ਹਥਿਆਰ ਨਹੀਂ ਲਿਜਾਏ ਜਾ ਸਕਦੇ, ਬਿਲਕੁੱਲ ਥੋਥਾ ਸਾਬਤ ਹੁੰਦਾ ਹੈ। ਕਈ ਰਾਜਸੀ ਲੋਕਾਂ ਦਾ ਵਿਚਾਰ ਹੈ ਕਿ ਇਨ੍ਹਾਂ ਹਥਿਆਰਬੰਦ ਨਿਹੰਗ ਜੱਥਿਆਂ ਦੇ ਇੱਥੇ ਰਹਿਣ ਨਾਲ ਲੋਕਾਂ ਵਿੱਚ ਗੁੱਸਾ ਹੋਰ ਵੀ ਭੜਕੇਗਾ।

ਬਾਕੀ ਸਫਾ 7 ਤੇ

## ਘੱਲੂਘਾਰਾ ਅੰਕ

ਫੌਜੀ ਕਾਰਵਾਈ ਤੋਂ ਬਾਅਦ ਦਰਬਾਰ ਸਾਹਿਬ ਅੰਮ੍ਰਿਤਸਰ ਜਿਥੇ ਹਰ ਸਮੇਂ ਸੰਗਤਾਂ ਦੀ ਗਹਿ-ਮਾਗਹਿਮੀ ਰਹਿੰਦੀ ਸੀ ਤੇ ਰਸ ਭਿੰਨਾ ਕੀਰਤਨ ਵਾਤਾਵਰਨ ਵਿਚ ਗੂੰਜਦਾ ਰਹਿੰਦਾ ਸੀ।



## ਭਾਰਤ ਓਲਿੰਪਕ ਹਾਕੀ ਵਿੱਚ ਪੰਜਵੇਂ ਨੰਬਰ ਤੇ

**ਲਾਸ ਏਂਜਲਸ** - ਪਾਕਿਸਤਾਨ 1968 ਤੋਂ ਪਿਛੋਂ ਦੁਬਾਰਾ ਸੋਨੇ ਦਾ ਤਗਮਾ ਲੇ ਗਿਆ ਹੈ ਜਦ ਕਿ ਭਾਰਤ ਪੰਜਵੇਂ ਨੰਬਰ ਤੇ ਚਲਾ ਗਿਆ ਹੈ। ਭਾਰਤ 1980 ਵਿੱਚ ਓਲਿੰਪਕ ਚੈਂਪੀਅਨ ਸੀ।

ਹਾਕੀ ਵਿੱਚ ਪਾਕਿਸਤਾਨ ਨੇ ਪਹਿਲਾ ਸਥਾਨ ਪੱਛਮੀਂ ਜਰਮਨੀ ਨੂੰ ਓਵਰਟਾਈਮ ਵਿੱਚ 2 - 1 ਦੇ ਮੁਕਾਬਲੇ ਨਾਲ ਹਰਾ ਕੇ ਜਿੱਤਿਆ। ਇਸ ਤਰ੍ਹਾਂ ਚਾਂਦੀ ਦਾ ਤਗਮਾ ਪੱਛਮੀਂ ਜਰਮਨੀ ਨੇ ਹਾਸਲ ਕੀਤਾ ਤੇ ਪਿੱਤਲ ਤਾ ਤਗਮਾ ਇਗਲੈਂਡ ਨੂੰ ਮਿਲਿਆ ਜਿਸ ਨੇ ਆਸਟਰੇਲੀਆ ਨੂੰ 3 2 ਦੇ ਮੁਕਾਬਲੇ ਨਾਲ ਹਰਾਇਆ। ਇਸ ਤਰ੍ਹਾਂ ਆਸਟਰੇਲੀਆ ਚੌਥੇ ਨੰਬਰ ਤੇ ਰਿਹਾ।

ਹਾਲੈਂਡ ਨੂੰ 5 - 2 ਦੇ ਮੁਕਾਬਲੇ ਨਾਲ ਹਰਾ ਕੇ ਭਾਰਤ ਪੰਜਵੇਂ ਨੰਬਰ ਤੇ ਰਿਹਾ।

ਓਲਿੰਪਕ ਵਿੱਚ ਚਾਰ ਸੌ ਮੀਟਰ ਦੀ ਹਰਡਲ ਵਿੱਚ ਭਾਰਤ ਦੀ ਦੌੜਾਕ ਊਸ਼ਾ ਚੌਥੇ ਨੰਬਰ ਤੇ ਰਹੀ। ਇਸ ਤਰ੍ਹਾਂ ਬਹੁਤ ਦੇਰ ਬਾਅਦ ਮਿਲਖਾ ਸਿੰਘ ਵਾਲੀ ਥਾਂ ਊਸ਼ਾ ਨੇ ਵੀ ਮੱਲ ਲਈ ਹੈ। ਮਿਲਖਾ ਸਿੰਘ ਵੀ ਓਲਿੰਪਕ ਵਿੱਚ 400 ਮੀਟਰ ਦੀ ਦੌੜ ਵਿੱਚ ਚੌਥੇ ਨੰਬਰ ਤੇ ਰਿਹਾ ਸੀ।

ਸਭ ਤੋਂ ਵੱਧ ਤਗਮੇ ਅਮਰੀਕਾ ਨੇ ਜਿੱਤੇ। ਦੂਜੇ ਨੰਬਰ ਤੇ ਰੁਮਾਨੀਆ, ਤੀਜੇ ਉਤੇ ਪੱਛਮੀ ਜਰਮਨੀ ਅਤੇ ਚੌਥੇ ਨੰਬਰ ਤੇ ਚੀਨ ਰਿਹਾ। ਕੈਨੇਡਾ ਨੇ 43 ਤਗਮੇ ਜਿੱਤੇ ਤੇ ਛੇਵਾਂ ਨੰਬਰ ਹਾਸਲ ਕੀਤਾ।

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ROYAL new & used FURNITURE

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

- ਲਿਵਿੰਗ ਰੂਮ
- ਡਾਇਨਿੰਗ ਰੂਮ
- ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)



ਪਾਲ ਰੂਰ

# ਪੰਜਾਬ ਵਿੱਚ ਹਿੰਸਕ ਵਾਰਦਾਤਾਂ ਉਸੇ ਤਰ੍ਹਾਂ ਜਾਰੀ

ਚੰਡੀਗੜ੍ਹ - ਸੁਰੱਖਿਆ ਸੈਨਾ ਵੱਲੋਂ ਪਿਛਲੇ ਦਿਨ ਅੱਠ ਵਿਅਕਤੀ ਹੋਰ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ।

## ਹਕੀਮਪੁਰ ਵਿੱਚ ਬੈਂਕ ਕੈਸ਼ੀਅਰ ਕਤਲ

ਜਲੰਧਰ ਜ਼ਿਲੇ ਦੇ ਪਿੰਡ ਹਕੀਮਪੁਰ ਵਿੱਚ ਸੈਂਟਰਲ ਕੋਆਪ੍ਰੇਟਿਵ ਬੈਂਕ ਦਾ ਇਕ ਕੈਸ਼ੀਅਰ ਕਤਲ ਕਰ ਦਿੱਤਾ ਗਿਆ ਹੈ। ਕੈਸ਼ੀਅਰ ਦਾ ਨਾਂ ਅਮਰਜੀਤ ਸਿੰਘ ਦੱਸਿਆ ਗਿਆ ਹੈ। ਹਮਲਾਆਵਰਾਂ ਨੇ ਉਸ ਕੋਲੋਂ ਬੈਂਕ ਦੀਆਂ ਚਾਬੀਆਂ ਮੰਗੀਆਂ। ਉਸ ਦੇ ਇਨਕਾਰ ਕਰਨ ਤੇ ਉਸ ਨੂੰ ਗੋਲੀ ਮਾਰ ਦਿੱਤੀ ਗਈ।

ਬੈਂਕ ਗਾਰਡ ਤਰਸੇਮ ਲਾਲ ਨੂੰ ਵੀ ਜਾਂਦੇ ਜਾਂਦੇ ਹਮਲਾਆਵਰ ਗੋਲੀ ਮਾਰ ਕੇ ਜ਼ਖਮੀ ਕਰ ਗਏ। ਉਸ ਦੇ ਹਾਲਤ ਗੰਭੀਰ ਦੱਸੀ ਗਈ ਹੈ।

## ਬਠਿੰਡੇ ਵਿੱਚ ਇਕ ਥਾਂ ਪਾੜ

ਬਠਿੰਡੇ ਵਿੱਚ ਆਈ. ਟੀ. ਆਈ. ਦੇ ਨੇੜੇ ਵੱਗਦੇ ਇਕ ਸੂਏ ਵਿੱਚ ਪਾੜ ਪਾ ਦਿੱਤਾ ਗਿਆ। ਪੁਲਿਸ ਅਧਿਕਾਰੀ ਮੌਕੇ ਤੇ ਪੁੱਜੇ ਤੇ ਘਰਾਂ ਨੂੰ ਪਾਣੀ ਤੋਂ ਬਚਾਉਣ ਦਾ ਉਪਰਾਲਾ ਕੀਤਾ। ਪਾੜ ਬੰਦ ਕਰ ਦਿੱਤਾ ਗਿਆ ਹੈ।

## ਗੰਗਾ ਨਗਰ ਨਹਿਰ ਵਿੱਚ ਪਾੜ

ਗੰਗਾ ਨਗਰ ਵਿੱਚ ਭਾਖੜਾ ਨਹਿਰ ਦੇ ਇਕ ਪਾਸੇ ਪਾੜ ਪਾ ਦਿੱਤਾ ਗਿਆ। ਇਹ ਪਾੜ 10 ਮੀਟਰ ਦੱਸਿਆ ਗਿਆ ਹੈ ਜੋ ਸੰਗਾਰੀਆ ਦੇ ਨੇੜੇ ਪਾਇਆ ਗਿਆ। ਸੰਗਾਰੀਆ ਚਾਹੂਵਾਲਾ ਤੇ ਰਾਮਪੁਰਾ ਪਿੰਡਾਂ ਦੇ ਵਿਚਕਾਰ ਹੈ।

## ਸਰਕਾਰੀਆ ਕਮਿਸ਼ਨ ਦੀ ਹਾਲਤ ਪਤਲੀ

ਭੋਪਾਲ - ਕੇਂਦਰ ਤੇ ਸੂਬਿਆਂ ਵਿਚਕਾਰ ਸਬੰਧਾਂ ਬਾਰੇ ਸਥਾਪਤ ਕੀਤੇ ਗਏ ਸਰਕਾਰੀਆ ਕਮਿਸ਼ਨ ਦੀ ਹਾਲਤ ਇਸ ਲਈ ਪਤਲੀ ਦੱਸੀ ਜਾਂਦੀ ਹੈ ਕਿ ਵਿਰੋਧੀ ਪਾਰਟੀਆਂ ਜਾਂ ਸੂਬਿਆਂ ਵੱਲੋਂ ਕਮਿਸ਼ਨ ਨੂੰ ਕੋਈ ਸਹਿਯੋਗ ਨਹੀਂ ਦਿੱਤਾ ਜਾ ਰਿਹਾ। ਯਾਦ ਰਹੇ ਕਿ ਸ਼੍ਰੋਮਣੀ ਅਕਾਲੀ ਦਲ ਨੇ ਪਹਿਲਾਂ ਹੀ ਇਸ ਕਮਿਸ਼ਨ ਦਾ ਬਾਈਕਾਟ ਕੀਤਾ ਹੋਇਆ ਹੈ।

ਜਸਟਿਸ ਆਰ. ਐਸ. ਸਰਕਾਰੀਆ ਨੇ ਦੱਸਿਆ ਕਿ ਸੂਬਿਆਂ ਵਿੱਚੋਂ ਕੇਵਲ ਕੇਰਲਾ ਤੇ ਮੱਧ ਪ੍ਰਦੇਸ਼ ਨੇ ਸੁਝਾਅ ਪੱਤਰ ਭੇਜੇ ਹਨ। ਸੀ. ਪੀ. ਆਈ ਤੇ ਸੀ. ਪੀ. ਐਮ. ਤੋਂ ਬਿਨਾਂ ਕਿਸੇ ਹੋਰ ਰਾਜਸੀ ਪਾਰਟੀ ਨੇ ਕੋਈ ਸੁਝਾਅ ਪੱਤਰ ਨਹੀਂ ਦਿੱਤਾ।

ਸਰਕਾਰੀਆ ਕਮਿਸ਼ਨ ਨੇ ਸੁਝਾਅ ਮੰਗੇ ਸਨ ਜਿੰਨ੍ਹਾਂ ਵਿੱਚ ਰਾਸ਼ਟਰਪਤੀ ਰਾਜ, ਗਵਰਨਰਾਂ ਦਾ ਰੋਲ, ਵਿਧਾਨ ਸਭਾਵਾਂ ਭੰਗ ਕਰਨ ਦਾ ਮਸਲਾ, ਕੇਂਦਰ ਅਤੇ ਸੂਬਿਆਂ ਵਿੱਚ ਮਾਲੀ ਸਬੰਧ, ਆਦਿ ਆਦਿ। ਸਰਕਾਰੀਆ ਨੇ ਕਿਹਾ ਕਿ ਰੀਪੋਰਟ ਦੇਣ ਤੋਂ ਪਹਿਲਾਂ ਉਹ ਸਾਰੇ ਸੂਬਿਆਂ ਨਾਲ ਸਲਾਹ ਮਸ਼ਵਰਾ ਕਰਨਗੇ।

## ਸੰਤ ਲੌਂਗੋਵਾਲ ਦੀ ਲੀਡਰਸ਼ਿਪ ਵਿੱਚ ਪੂਰਨ ਭਰੋਸੇ ਦਾ ਪ੍ਰਗਟਾਵਾ

ਅੰਮ੍ਰਿਤਸਰ - ਇੱਥੇ ਅੱਠ ਅਗਸਤ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਸ: ਪ੍ਰਕਾਸ਼ ਸਿੰਘ ਮਜੀਠਾ ਨੇ ਕੀਤੀ। ਇਸ ਮੀਟਿੰਗ ਵਿੱਚ ਇਕ ਮਤੇ ਰਾਹੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਲੀਡਰਸ਼ਿਪ ਵਿੱਚ ਪੂਰਨ ਭਰੋਸੇ ਦਾ ਮਤਾ ਪਾਸ ਕੀਤਾ ਗਿਆ ਅਤੇ ਉਨ੍ਹਾਂ ਦੀਆਂ ਪਾਲਿਸੀਆਂ ਦਾ ਸਮਰਥਨ ਕੀਤਾ ਗਿਆ।

ਮੀਟਿੰਗ ਵਿੱਚ ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ, ਰਣਜੀਤ ਸਿੰਘ ਦਿਆਲ ਤੇ ਕੇ. ਐਸ. ਬਰਾੜ ਦਾ ਸਮਾਜਿਕ ਬਾਈਕਾਟ ਕੀਤੇ ਜਾਣ ਦਾ ਮਤਾ ਵੀ ਪਾਸ ਹੋਇਆ। 'ਸਰਬੱਤ ਖਾਲਸਾ ਕਾਨਫਰੰਸ' ਦੇ ਬਾਈਕਾਟ ਦਾ ਸੱਦਾ ਵੀ ਉਸੇ ਮੀਟਿੰਗ ਵਿੱਚ ਦਿੱਤਾ ਗਿਆ।

## ਕੌਮੀ ਸੁਰੱਖਿਆ ਕਾਨੂੰਨ ਅਧੀਨ ਗ੍ਰਿਫਤਾਰੀਆਂ ਨੂੰ ਚੈਲਿੰਜ

ਨਵੀਂ ਦਿੱਲੀ - ਕੌਮੀ ਸੁਰੱਖਿਆ ਕਾਨੂੰਨ ਅਧੀਨ ਗ੍ਰਿਫਤਾਰ ਕੀਤੇ ਗਏ ਅਕਾਲੀ ਲੀਡਰਾਂ ਦੀ ਪਟੀਸ਼ਨ ਦੀ ਸੁਣਵਾਈ ਉਨ੍ਹਾਂ ਦੇ ਵਕੀਲ ਰਾਮ ਜੇਠ ਮਿਲਾਨੀ ਦੇ ਬੀਮਾਰ ਹੋਣ ਕਾਰਨ ਮੁਲਤਵੀ ਕਰ ਦਿੱਤੀ ਗਈ।

ਸੁਪਰੀਮ ਕੋਰਟ ਵੱਲੋਂ ਇਸ ਪਟੀਸ਼ਨ ਦੀ ਸੁਣਵਾਈ ਚੀਫ ਜਸਟਿਸ ਚੰਦਰਚੂੜ, ਜਸਟਿਸ ਵੈਂਕਟਾਰਮੱਈਆ, ਜਸਟਿਸ ਆਰ. [illegible], ਜਥੇਦਾਰ ਟੌਹੜਾ, ਜਥੇਦਾਰ ਤਲਵੰਡੀ, ਹਰਿੰਦਰ ਸਿੰਘ ਸੰਧੂ, ਬੀਬੀ ਅਮਰਜੀਤ ਕੌਰ ਦੀ ਨਜ਼ਰਬੰਦੀ ਨੂੰ ਚੁਣੌਤੀ ਦਿੱਤੀ ਗਈ ਹੈ। ਹਰਿੰਦਰ ਸਿੰਘ ਸੰਧੂ, ਜੋ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਜਨਰਲ ਸਕੱਤਰ ਸਨ, ਉਹ ਅਜਮੇਰ ਸੈਂਟਰਲ ਜੇਲ੍ਹ ਵਿੱਚ ਹਨ। ਜਿੰਨ੍ਹਾਂ ਬਾਰੇ ਇਹ ਅਫਵਾਹਾਂ ਵੀ ਉਡੀਆਂ ਹਨ ਕਿ ਉਹ ਬਾਕਾਇਦਾ ਮੁਆਫ ਗਵਾਹ ਬਣ ਗਏ ਹਨ

ਸਫਾ / ਦੀ ਬਾਕੀ

## ਕਾਂਗਰਸੀ ਵਿਧਾਇਕ ਦਾ ਪ੍ਰਗਟਾਵਾ

ਕਾਂਗਰਸੀ ਵਿਧਾਇਕ (ਸਾਬਕਾ ਅਕਾਲੀ) ਬੀਰ ਦੇਵਿੰਦਰ ਸਿੰਘ ਨੇ ਇਹ ਮੰਨਿਆ ਕਿ ਲੋਕਾਂ ਨੂੰ ਬੱਸਾਂ ਰਾਹੀਂ ਅੰਮ੍ਰਿਤਸਰ ਲਿਆਂਦਾ ਗਿਆ।

## ਸ਼ਹਿਰ ਦੇ ਲੋਕਾਂ ਵੱਲੋਂ ਬਾਈਕਾਟ

ਅੰਮ੍ਰਿਤਸਰ ਦੇ ਆਮ ਲੋਕਾਂ ਦਾ ਕਹਿਣਾ ਹੈ ਕਿ ਇਹ 'ਸਰਬੱਤ ਖਾਲਸਾ' ਕਾਨਫਰੰਸ ਇਕ ਪਾਖੰਡ ਸੀ - ਇਸੇ ਕਾਰਨ ਉਨ੍ਹਾਂ ਇਸ ਪਾਖੰਡ ਵਿੱਚ ਹਿਸਾ ਨਹੀਂ ਲਿਆ।

## ਸਿੱਖਾਂ ਦੇ ਵਕਾਰ ਨੂੰ ਸੱਟ

ਜਥੇਦਾਰ ਕਿਰਪਾਲ ਸਿੰਘ ਨੇ ਇਸ ਇਕੱਠ ਨੂੰ ਸਿੱਖਾਂ ਦੇ ਵਕਾਰ ਨੂੰ ਸੱਟ ਮਾਰਨ ਵਾਲਾ ਦੱਸਦਿਆਂ ਕਿਹਾ ਕਿ ਬਾਬਾ ਸੰਤਾ ਸਿੰਘ ਨੂੰ ਪੰਥ ਵਿੱਚੋਂ ਪਹਿਲਾਂ ਹੀ ਛੇਕਿਆ ਜਾ ਚੁੱਕਿਆ ਹੈ। ਜਥੇਦਾਰ ਕਿਰਪਾਲ ਸਿੰਘ ਜੀ ਨੇ ਕਿਹਾ ਕਿ ਸਿੱਖਾਂ ਦੇ 500 ਸਾਲਾ ਇਤਿਹਾਸ ਵਿੱਚ ਅਜਿਹੀ 'ਬਗਾਵਤ' ਪਹਿਲੀ ਵਾਰ ਵੇਖਣ ਵਿੱਚ ਆਈ ਹੈ ਅਤੇ ਇਸ 'ਬਗਾਵਤ' ਦੀ ਜ਼ਿੰਮੇਵਾਰ ਭਾਰਤ ਦੀ ਸਰਕਾਰ ਹੈ।

ਕਥਿਤ 'ਸਰਬੱਤ ਖਾਲਸਾ' ਕਾਨਫਰੰਸ ਦਰਬਾਰ ਸਾਹਿਬ ਕੰਪਲੈਕਸ ਵਿੱਚ ਹੋ ਰਹੀ 'ਕਾਰ ਸੇਵਾ' ਤੇ ਮੁਹਰ ਲਵਾਉਣ ਲਈ ਆਯੋਜਿਤ ਕੀਤੀ ਗਈ।

○ ਮਹਿੰਗਾਈ :
ਜਿਹੜੀ ਨੱਥ-ਪੈਰ ਚਲਾਏ ਬਿਨਾ ਇਨਸਾਨ ਦਾ ਲੱਕ ਤੋੜ ਦਿੰਦੀ ਹੈ।

○ ਦਿਲ
ਦੁਨੀਆਂ ਦਾ ਇਕੋ ਇਕ ਯੰਤਰ, ਜਿਹੜਾ ਟੁੱਟ ਕੇ ਵੀ ਕੰਮ ਕਰਦਾ ਰਹਿੰਦਾ ਹੈ।

○ ਅੰਡਾ
ਜਿਹੜਾ ਬਾਜ਼ਾਰੋਂ ਮਹਿੰਗਾ ਤੇ ਸਕੂਲੋਂ ਸਸਤਾ ਮਿਲਦਾ ਹੈ :

○ ਦੁਨੀਆਂ
ਇਕ ਦੁਕਾਨ। ਅਕਲ ਖਰਚ ਕਰੋ ਤੇ ਜੋ ਚਾਹੋ, ਲੈ ਲਉ।


# Fly home with your airline.



Air-India is the only airline with low cost direct flights to India.

When you fly direct, you can travel on the same airplane all the way. That means no waiting in unfamiliar airports, no missed connections, no lost luggage…no worries or complications.

**From Montréal.**
Every Saturday evening, we fly direct from Montréal's Mirabel Airport to Bombay and New Delhi. It's the only direct flight between Canada and India.

**From New York.**
Every day of the week, we fly from New York to Bombay and New Delhi via London. That means you can stop over in England, if you wish, for as many days as you want —for a family visit or some shopping and sightseeing.
Of course, wherever you live in Canada, there are many convenient connecting flights to Montréal and New York.

**Indian movies, music and food.**
On board our comfortable 747 aircraft, you'll enjoy world famous Maharajah Service, free Indian movies and music, and delicious Indian cuisine, vegetarian or non-vegetarian. Or you may choose one of our exciting continental meals.

**Book early and be sure!**
Call your Air-India travel agent. Or Air-India's general sales agent at the phone numbers below.



**AIR-INDIA**

**Direct flights from Montréal and New York**

Montréal: 842-1805 or toll-free 1 (800) 361-2813
Toronto: 865-1033 or toll-free 1 (800) 268-9582
Vancouver: 879-0271 or toll-free 1 (800) 663-3433

ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਆਖਰੀ ਇੰਟਰਵਿਊ :

# ਜਿਸ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦ...!

(ਹੇਠਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਆਖਰੀ ਇੰਟਰਵਿਊ ਦਾ ਪੰਜਾਬੀ ਰੂਪਾਂਤਰ ਪੇਸ਼ ਕੀਤਾ ਜਾ ਰਿਹਾ ਹੈ। ੩ ਜੂਨ, ੮੪ ਸਤ ਵਜੇ ਸ਼ਾਮ, ਗੱਲਾਂ ਕਰਦਿਆਂ ਸੰਤ ਸਿੰਘ ਜੀ ਅਡੋਲ ਅਤੇ ਸ਼ਾਂਤ ਸਨ, ਸ਼ਹੀਦੀ ਲਈ ਤਿਆਰ। ਬੋਲ ਬੇਬਾਕ, ਸਿਖ ਸੂਰਮਿਆਂ ਦੇ ਸਿਰੜ ਉਪਰ ਅੱਟਲ ਵਿਸ਼ਵਾਸ। ਕੁਝ ਘੰਟਿਆਂ ਬਾਅਦ ਹੀ ਹਰਿਮੰਦਰ ਸਾਹਿਬ ਉਪਰ ਸਰਕਾਰ ਦੀਆਂ ਫੌਜਾਂ ਨੇ ਹੱਲਾ ਬੋਲ ਦਿੱਤਾ ਤੇ ਮੌਤ ਦੀ ਲਾੜੀ ਨੇ ਆਪਣਾ ਵਰ ਚੁਣ ਲਿਆ...)

**? ਤੁਹਾਡੇ ਬੂਹੇ ਫੌਜ ਢੁੱਕੀ ਹੋਈ ਹੈ। ਉਹਨਾਂ ਦੀ ਗਿਣਤੀ ਤੁਹਾਥੋਂ ਕਿਤੇ ਵੱਡੀ ਹੈ। ਉਹਨਾਂ ਪਾਸ ਹਥਿਆਰ ਵੀ ਬਹੁਤੇ ਹਨ। ਤੁਸੀਂ ਕਰੋਗੇ ਕੀ ?**

ਗਿਣਤੀ ਨਾਲ ਫਰਕ ਨਹੀਂ ਪੈਂਦਾ। ਹਜ਼ਾਰਾਂ ਭੇਡਾਂ ਲਈ ਇੱਕੋ ਸ਼ੇਰ ਕਾਫੀ ਹੁੰਦਾ ਹੈ।

**? ਮਸ਼ੀਨਗਨਾਂ ਤੇ ਤੋਪਖ਼ਾਨੇ ਨਾਲ ਲੈਸ ਫੌਜ ਨੂੰ ਤੁਸੀਂ ਭੇਡਾਂ ਕਿਵੇਂ ਕਹਿ ਸਕਦੇ ਹੋ ?**

(ਸੰਤ ਜੀ ਮੁਸਕਰਾਉਂਦੇ ਹਨ) ਜਦੋਂ ਸ਼ੇਰ ਸੁੱਤਾ ਹੁੰਦੈ, ਚਿੜੀਆਂ ਚੂੰ-ਚੂੰ ਕਰਦੀਆਂ ਹਨ। ਸ਼ੇਰ ਦੇ ਜਾਗਣ ਤੇ ਚਿੜੀਆਂ ਉਡ-ਪੁਡ ਜਾਂਦੀਆਂ ਹਨ।

**? ਕੀ ਤੁਸੀਂ ਮਹਿਸੂਸ ਨਹੀਂ ਕਰਦੇ ਕਿ ਪੰਜਾਬ ਵਿਚ ਫੌਜਾਂ ਨੂੰ ਤੋਰ ਦੇਣ ਨਾਲ ਹਾਲਾਤ ਵਿਚ ਬੁਨਿਆਦੀ ਕਿਸਮ ਦਾ ਫਰਕ ਪੈ ਗਿਐ ?**

ਨਹੀਂ, ਮੈਂ ਏਦਾਂ ਨਹੀਂ ਸਮਝਦਾ। ਫਰਕ ਕਾਹਦਾ ਹੈ? ਪਹਿਲਾਂ ਪੁਲਸ ਸੀ, ਫੇਰ ਸੀ.ਆਰ.ਪੀ., ਤੇ ਉਸ ਦੇ ਬਾਦ ਬੀ.ਐਸ.ਐਫ. ਤੇ ਹੁਣ ਫੌਜ ਪਹੁੰਚ ਗਈ ਹੈ। ਇਹ ਇਕ ਹੋਰ ਤਰੀਕਾ ਹੈ ਸਰਕਾਰ ਦਾ ਸਿਖਾਂ ਉਪਰ ਅਤਿਆਚਾਰ ਕਰਨ ਦਾ। ਉਹਨਾਂ ਦੇ ਹੱਕਾਂ ਨੂੰ ਦਬਾ ਰੱਖਣ ਦਾ। ਜਿਵੇਂ ਪਹਿਲਾਂ ਦੂਜਿਆਂ ਨਾਲ ਹੋਇਆ ਹੈ, ਇਹ ਫੌਜ ਵੀ ਫੇਲ ਹੋ ਜਾਵੇਗੀ।

**? ਤੁਹਾਡੇ ਸੰਗੀਆ ਨੇ ਦਸਿਆ ਹੈ ਕਿ ਸੂਰਜਵਾਰ ਵਾਲੇ ਦਿਨ ਬਾਰਡਰ ਸਕਿਉਰਿਟੀ ਫੋਰਸ ਨੇ ਹਰਿਮੰਦਰ ਦੇ ਅੰਦਰ ਤੁਹਾਡੇ ਉਪਰ ਗੋਲੀਆਂ ਵਰ੍ਹਾਈਆਂ ਤੇ ਸਿੱਟੇ ਵਜੋਂ ਤੁਹਾਡੇ ੧੧ ਬੰਦੇ ਮਾਰੇ ਗਏ।**

ਮੇਰੇ ਹੱਥ ਬੱਝੇ ਹੋਏ ਸਨ। ਹਰਿਮੰਦਰ ਸਾਹਿਬ ਦੇ ਗ੍ਰੰਥੀ ਸਾਹਿਬਾਨ ਨੇ ਮੈਨੂੰ ਕਿਹਾ ਕਿ ਪਵਿੱਤਰ ਸਥਾਨ ਦੇ ਅੰਦਰੋਂ ਗੋਲੀ ਨਾ ਚਲਾਈ ਜਾਵੇ। ਇਸੇ ਲਈ ਪੂਰੀ ਮੁਕਾਬਲਾ ਨਾ ਹੋ ਸਕਿਆ ਹੈ।

**? ਹੁਣ ਅਕਾਲ ਤਖ਼ਤ ਨੇ ਹੁਕਮਨਾਮਾ ਜਾਰੀ ਕੀਤਾ ਹੈ ਕਿ ਸਿਖ ਹਰ ਜਤਨ ਕਰਕੇ ਸੁਰਖਿਆ ਫੋਜਾਂ ਨੂੰ ਹਰਿਮੰਦਰ ਵਿਚ ਦਾਖਲ ਹੋਣ ਤੋਂ ਰੋਕਣ। ਤੁਸੀਂ ਇਸ ਬਾਰੇ ਕਿਵੇਂ ਮਹਿਸੂਸ ਕਰਦੇ ਹੋ ?**

ਮੈਂ ਇਸ ਹੁਕਮਨਾਮੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

**? ਕੀ ਅਜੇ ਵੀ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ ਅਕਾਲੀ ਦਲ ਨਾਲ ਤੁਹਾਡੇ ਮਤਭੇਦ ਹਨ ?**

ਮੈਂ ਚੁਪ ਹਾਂ।



**? ਰਾਜੀਵ ਗਾਂਧੀ ਨੇ ਪਿਛਲੇ ਦਿਨੀਂ ਤੁਹਾਡਾ ਜ਼ਿਕਰ ਧਾਰਮਿਕ ਲੀਡਰ ਦੇ ਤੌਰ 'ਤੇ ਕੀਤਾ। ਕੋਈ ਟਿਪਣੀ ?**

ਤੁਸੀਂ ਕਹਿੰਦੇ ਹੋ ਕਿ ਰਾਜੀਵ ਗਾਂਧੀ ਨੇ ਮੈਨੂੰ ਧਾਰਮਿਕ ਲੀਡਰ ਕਿਹਾ। ਐਨ ਓਸੇ ਵਕਤ ਅਤਿਵਾਦੀਆਂ ਉਪਰ ਹੱਲਾ ਬੋਲਣ ਲਈ ਸਰਕਾਰ ਹਰਿਮੰਦਰ ਸਾਹਿਬ ਅੰਦਰ ਫੌਜ ਭੇਜਦੀ ਹੈ। ਮੈਂ ਇਸ ਦਾ ਕੀ ਮਤਲਬ ਕੱਢਾਂ ? (ਹੱਸਣ ਲਗ ਪੈਂਦੇ ਹਨ)

**? ਕੀ ਤੁਸੀਂ ਪ੍ਰਧਾਨ ਮੰਤਰੀ ਦੀ ਕਲ੍ਹ ਵਾਲੀ ਤਕਰੀਰ ਸੁਣੀ ਹੈ ਜਿਸ ਵਿਚ ਉਹਨਾਂ ਫ਼ਿਰਕੂ ਸ਼ਾਂਤੀ ਲਈ ਅਪੀਲ ਕੀਤੀ ਤੇ ਅਕਾਲੀ ਲੀਡਰਾਂ ਨੂੰ ਕਿਹਾ ਕਿ ਅੰਦੋਲਨ ਬੰਦ ਕਰੋ ?**

ਨਹੀਂ, ਇਹ ਤਕਰੀਰ ਮੈਂ ਨਹੀਂ ਸੁਣੀ।

**? ਕੀ ਤੁਸੀਂ ਮਹਿਸੂਸ ਕਰਦੇ ਹੋ ਕਿ ਪੰਜਾਬ ਵਿਚ ਇਸ ਖ਼ੂਨ ਖਰਾਬੇ ਨੂੰ ਰੋਕਣ ਦਾ ਕੋਈ ਰਾਹ ਨਿਕਲ ਸਕਦੈ ?**

ਇਹ ਗਲ ਉਹਨਾਂ ਨੂੰ ਪੁਛੋ ਜੋ ਇਸ ਖੂਨ ਖਰਾਬੇ ਲਈ ਜ਼ੰਮੇਵਾਰ ਹਨ।

**? ਕੀ ਤੁਸੀਂ ਖਾਲਿਸਤਾਨ ਦੀ ਮੰਗ ਦੀ ਹਿਮਾਇਤ ਕਰਦੇ ਹੋ ?**

ਯਕੀਨਨ, ਮੈਂ ਕਦੇ ਇਸ ਦੀ ਮੁਖ਼ਾਲਫ਼ਤ ਨਹੀਂ ਕੀਤੀ।

(ਏਥੇ ਕੁ ਪਹੁੰਚ ਕੇ ਸੰਤ ਜੀ ਦੇ ਦੋ ਸਲਾਹਕਾਰਾਂ, ਸਿਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ, ਭਾਈ ਅਮਰੀਕ ਸਿੰਘ ਤੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੇ ਗਲ ਟੁੱਕੀ ਤੇ ਆਪਣੇ ਲੀਡਰ ਨੂੰ ਕਿਹਾ 'ਸੰਤ ਜੀ ਸਾਫ਼ ਦਸ ਦਿਓ' ਤੇ ਸੰਤ ਭਿੰਡਰਾਂਵਾਲੇ ਨੇ ਆਪਣੇ ਜਵਾਬ ਨੂੰ ਮੁੜ ਸੋਧਿਆ) ਸਾਫ਼ ਤੌਰ ਤੇ, ਮੈਂ ਨਹੀਂ ਸੋਚਦਾ ਕਿ ਸਿਖ ਭਾਰਤ ਵਿਚ ਜਾਂ ਭਾਰਤ ਦੇ ਨਾਲ ਰਹਿ ਸਕਦੇ ਹਨ।

**? ਕੀ ਤੁਹਾਨੂੰ ਮੌਤ ਦਾ ਡਰ ਹੈ ?**

ਮੌਤ ਦੀ ਗਲ ਕਰਕੇ ਮੈਨੂੰ ਡਰਾਉਣ ਦਾ ਜਤਨ ਨਾ ਕਰੋ। ਜੇ ਮੈਂ ਮੌਤ ਤੋਂ ਡਰਦਾ ਹਾਂ, ਤਾਂ ਮੈਂ ਸਿਖ ਨਹੀਂ। ਮੈਂ ਖਿੜੇ ਮੱਥੇ ਸ਼ਹੀਦੀ ਨੂੰ ਉਡੀਕ ਰਿਹਾ ਹਾਂ।

**? ਜੇ ਰਬ ਨਾ ਕਰੇ, ਤੁਹਾਡੇ ਨਾਲ ਕੋਈ ਭਾਣਾ ਵਰਤ ਜਾਏ ਤਾਂ ਤੁਹਾਡਾ ਜਾਨਸ਼ੀਨ ਕੌਣ ਹੋਵੇਗਾ ?**

ਇਹ ਗਲ ਕਰਨ ਦਾ ਅਜੇ ਵੇਲਾ ਨਹੀਂ ਆਇਆ।

**? ਤਾਂ ਵੀ, ਤੁਸੀਂ ਕੋਈ ਨਾ ਕੋਈ ਜਣਾ ਸੋਚਿਆ ਹੀ ਹੋਵੇਗਾ ਜੋ ਤੁਹਾਡੇ ਬਾਦ ਤੁਹਾਡੇ ਕੰਮ ਜਾਰੀ ਰਖੇਗਾ ?**

ਇਹ ਸੋਚਣਾ ਮੇਰਾ ਕੰਮ ਨਹੀਂ। ਸਿਖ ਆਪਣੇ ਆਪ ਆਪਣਾ ਲੀਡਰ ਚੁਣ ਲੈਣਗੇ।

('ਸੰਡੇ ਓਬਜ਼ਰਵਰ' 'ਚੋਂ ਧੰਨਵਾਦ ਸਹਿਤ)

## ਫੁੱਲ ਦੀ ਖੁਸ਼ਬੋਈ ਅਤੇ ਚੰਦਰਮਾ ਦੀ ਚਾਨਣੀ

□ ਸੰਤੋਖ ਸਿੰਘ ਧੀਰ

1.

ਇਹ ਫੁੱਲ ਸੀ
ਪ੍ਰੀਤ ਦਾ ਫੁੱਲ
ਕੱਲਰ ਵਿੱਚ
ਉਜਾੜ ਵਿੱਚ
ਮਹਿਕਾਂ ਵੰਡ ਰਿਹਾ ਸੀ
ਮਿਜ਼ਾਜ ਬਦਲ ਰਿਹਾ ਸੀ
ਜ਼ਹਿਰੀਲੀਆਂ ਹਵਾਵਾਂ ਦਾ।

ਚੰਨ ਸੀ
ਜੋ ਹੌਲੀ ਹੌਲੀ
ਪੂਰਨਮਾ ਬਣ ਰਿਹਾ ਸੀ
ਰਾਤ ਨਾਲ ਲੜ ਰਿਹਾ ਸੀ
ਤੁਸੀਂ ਸਹਿ ਨਹੀਂ ਸਕੇ
ਚੰਦਰਮਾ ਦੀ ਚਾਨਣੀ
ਫੁੱਲ ਦੀ ਖੁਸ਼ਬੋਈ ਨੂੰ
ਤੁਸੀਂ ਗੋਲੀਆਂ ਮਾਰੀਆਂ
ਤੁਸੀਂ ਲਹੂ ਵੀਟ ਦਿੱਤਾ
ਚੰਦਰਮਾ ਦੀ ਚਾਨਣੀ ਦਾ
ਫੁੱਲ ਦੀ ਖੁਸ਼ਬੋਈ ਦਾ।

ਇੱਕ ਗੱਲ ਯਾਦ ਰੱਖੋ
ਨਾਦਰਾਂ ਚੰਗੇਜ਼ਾਂ ਨੇ ਵੀ
ਇਹੋਓ ਕੰਮ ਕੀਤੇ ਸਨ
ਕਤਲ ਨਹੀਂ ਹੋਈ ਕਦੇ
ਫੁੱਲ ਦੀ ਖੁਸ਼ਬੋਈ
ਅਤੇ ਚੰਦਰਮਾ ਦੀ ਚਾਨਣੀ।

2.

ਚਿਖਾ ਠੰਢੀ ਨਹੀਂ ਹੋਈ
ਇਹ ਸ਼ਹੀਦ ਦੀ ਚਿਖਾ ਹੈ
ਇਹ ਉਦੋਂ ਤੱਕ ਬਲੇਗੀ
ਜਦੋਂ ਤੱਕ ਇਹ ਦੰਭ ਦੀ ਨਗਰੀ
ਭਸਮ ਨਹੀਂ ਹੋਵੇਗੀ
ਪਾਖੰਡ ਦੀ
ਉਸ਼ਟੰਡ ਦੀ।

ਪਿਛਲੇ ਦਿਨੀਂ ਦਿਲੀ ਵਿਚ ਕੁਝ ਮਜ਼ਦੂਰਾਂ ਦੇ ਘਰ ਅੱਗ ਨਾਲ ਸੜ ਕੇ ਸੁਆਹ ਹੋ ਗਏ। ਉਜੜੇ ਘਰ ਤੇ ਰੋਂਦੀ ਹੋਈ ਇਕ ਮਜ਼ਦੂਰ



3.

ਜ਼ਾਰ ਜ਼ਾਰ ਰੋਵੇ
ਸ਼ਹੀਦ ਮੇਵਾ ਸਿੰਘ ਦੀ ਰੂਹ
ਵਿਰਲਾਪ ਕਰੇ ਵਾਰ ਵਾਰ
ਧਨੀ ਰਾਮ ਚਾਤ੍ਰਿਕ,
ਚਾਤ੍ਰਿਕ ਨੇ ਇਸ ਪੰਜਾਬ ਦੇ
ਗੀਤ ਨਹੀਂ ਗਾਏ ਸਨ
ਇਹ ਭਵਿੱਖ ਮੇਵਾ ਸਿੰਘ ਦੇ
ਸੁਫਨਿਆਂ ਦਾ ਨਹੀਂ ਸੀ।

ਲੋਪੋਕੀ ਦੀ ਸਰ - ਜ਼ਮੀਨ!
ਤੇਰੇ ਹੰਝੂ ਕੌਣ ਪੂੰਝੇ?


**THEATRE FOR SALE**

**Theatre for sale, Reasonable down payment. To the right people, includes building - (Real Estate) and business. Contact RICHARD (204) 943-8261**

**ਥੀਏਟਰ ਵਿਕਾਊ**

ਥੀਏਟਰ ਵਿਕਾਊ ਹੈ, ਜਿਸ ਲਈ ਵਾਜਬ ਡਾਊਨ ਪੇਮਿੰਟ, ਠੀਕ ਵਿਅਕਤੀ ਲਈ, ਬਿਲਡਿੰਗ ਵੀ ਵਿਚ (ਰੀਅਲ ਈਸਟੇਟ) ਅਤੇ ਬਿਜਨਸ ਦੀ। ਹੋਰ ਜਾਣਕਾਰੀ ਲਈ ਫੋਨ ਕਰੋ
ਰਿਚਰਡ (204) 943-8261



Specialist in East Indian Jewellery
Oriental Gold & Silver Jeweller repairs

*ਨਵੇਂ ਤੋਂ ਨਵੇਂ ਡਿਜ਼ਾਈਨਾਂ ਵਿੱਚ ਗਹਿਣੇ ਬਨਵਾਉਣ ਲਈ ਪੰਜਾਬੀ ਮਾਰਕਿਟ ਵਿੱਚ ਇੱਕੋ ਇੱਕ ਸੁਨਿਆਰਿਆਂ ਦੀ ਵੱਡੀ ਦੁਕਾਨ - ਗਹਿਣੇ ਬਨਵਾਉਣ ਦੇ ਰੇਟ ਵਾਜਬ ਤੇ ਸਹੀ ਸਮੇਂ ਤੇ ਆਪਣੇ ਗਹਿਣੇ ਬਣਵਾਓ।
ਜਦੋਂ ਵੀ ਪੰਜਾਬੀ ਮਾਰਕਿਟ ਵਿੱਚ ਆਓ, ਸੋਨੀ ਐਂਡ ਸਨਜ਼ ਜਿਊਲਰਜ਼ ਨੂੰ ਯਾਦ ਰੱਖੋ।



**SONI & SONS JEWELLERS**

**6540 MAIN STREET, VANCOUVER**

**Ph. Bus. 324-1012 Res. 327-0783**

## ਗੁਰੂ ਦੀਆਂ ਲਾਡਲੀਆਂ ਫੌਜਾਂ

# ਨਿਹੰਗ ਸਿੰਘ: ਅਕਾਲੀ ਸਿੰਘ

☐ ਦਵਿੰਦਰ ਸਿੰਘ ਗਿਲ

ਨਿਹੰਗ ਸਿੰਘ ਅਥਵਾ ਨਿਹੰਗ ਸੰਪ੍ਰਦਾਇ ਦਾ ਖਿਆਲ ਮਨ ਵਿਚ ਆਉਣ ਨਾਲ ਨੀਲ ਧਾਰੀ ਬਸਤਰ, ਫਰਹਰੇ ਸਜਾਈ, ਬੁਲੰਦ ਹੌਸਲੇ ਵਾਲੇ ਅਕਾਲੀ ਸਿੰਘਾਂ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ ਜਿਹਨਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਬਿਖੜੇ ਸਮੇਂ ਸਿਖੀ ਸਪਿਰਟ ਨੂੰ ਕਾਇਮ ਰਖਿਆ ਅਤੇ ਮਰੀਅਲ ਟੱਟੂਆਂ ਦੀ ਸਵਾਰੀ ਕਰ ਕੇ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਜਿਹੇ ਧਾੜਵੀਆਂ ਨੂੰ ਲੁਟਿਆ ਸੀ। ਉਹਨਾਂ ਦੀ ਬਹਾਦਰੀ ਅਤੇ ਹੌਸਲੇ ਨੂੰ ਦੇਖ ਕੇ ਨਾਦਰ ਸ਼ਾਹ ਜਿਹਾ ਜਰਵਾਣਾ ਵੀ ਗਜ਼ਬਨਾਕ ਹੋਇਆ ਸੀ ਅਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੂੰ ਪੁੱਛੇ ਬਗੈਰ ਨਹੀਂ ਸੀ ਰਹਿ ਸਕਿਆ ਕਿ ਇਹ ਲੋਕ ਕੌਣ ਹਨ ਜੋ ਉਸ ਤੋਂ ਖ਼ੌਫ ਨਹੀਂ ਖਾਂਦੇ, ਉਹਨਾਂ ਦੇ ਘਰ ਘਾਟ ਕਿਥੇ ਹਨ ਤਾਂ ਕਿ ਉਹਨਾਂ ਦਾ ਖਾਤਮਾ ਕੀਤਾ ਜਾ ਸਕੇ। ਜ਼ਕਰੀਆ ਖਾਨ ਦਾ ਉਤਰ ਸੀ : ਜਹਾਂਪਨਾਹ ! ਇਹਨਾਂ ਦੇ ਘਰ ਘਾਟ ਘੋੜਿਆਂ ਦੀ ਕਾਠੀਆਂ ਹੀ ਹਨ, ਜਿਹਨਾਂ ਤੇ ਉਹ ਆਰਾਮ ਕਰਦੇ ਅਤੇ ਦੁਖ ਸੁਖ ਤੋਂ ਨਿਰਲੇਪ ਰਹਿੰਦੇ ਹਨ। ਨਾਦਰ ਸ਼ਾਹ ਨੇ ਮੋੜਵਾਂ ਹੁਕਮ ਦਿੱਤਾ ਸੀ : ਉਹਨਾਂ ਨਾਲ ਰਾਜਨੀਤੀ ਨਾਲ ਪੇਸ਼ ਆਓ, ਕਿਸੇ ਦਿਨ ਉਹ ਜਰੂਰ ਤੁਹਾਡਾ ਰਾਜ ਖੋਹ ਲੈਣਗੇ।

ਨਿਹੰਗ ਸਿੰਘ ਕਈ ਕਈ ਦਿਨ ਘੋੜੇ ਦੀ ਪਿਠ ਤੇ ਬੈਠ ਕੇ ਕਈ ਕੋਹ ਦਾ ਸਫ਼ਰ ਤਹਿ ਕਰ ਲੈਂਦਾ। ਉਹ ਕਈ ਕਈ ਦਿਨ ਫਾਕੇ ਕਟ ਕੇ ਜਾਂ ਫਿਰ ਘਾਹ ਪੱਤਿਆਂ ਤੇ ਗੁਜ਼ਾਰਾ ਕਰ ਕੇ ਆਖਦਾ ਕਿ ਅਜ "ਸਬਜ ਪਲਾ" ਖਾਧਾ ਹੈ ਅਤੇ ਗੁਰਦੋਖੀਆਂ ਨੂੰ ਹੈਰਾਨ ਕਰ ਦੇਂਦਾ। ਦਸਮ ਪਾਤਸ਼ਾਹ ਜੀ ਤੋਂ ਬਾਅਦ ਵੀ ਜੇ ਇਹ ਸੰਪਰਦਾ ਹੋਂਦ ਵਿਚ ਨਾ ਹੁੰਦੀ ਤਾਂ ਹੋ ਸਕਦਾ ਸੀ ਕਿ ਸਿਖ ਕੌਮ ਖਤਮ ਹੋ ਚੁਕੀ ਹੁੰਦੀ।

**ਜਨਮ ਅਤੇ ਵਿਕਾਸ :**

ਨਿਹੰਗ ਸੰਪ੍ਰਦਾਇ ਅਥਵਾ ਨਿਹੰਗਾਂ ਦੇ ਆਗਮਨ ਬਾਰੇ ਇਤਿਹਾਸਕਾਰਾਂ ਵਿਚ ਕਾਫ਼ੀ ਮਤਭੇਦ ਹੈ। "ਨਿਹੰਗ" ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਭਾਈ ਕਾਹਨ ਸਿੰਘ ਨਾਭਾ ਜੀ ਅਨੁਸਾਰ, ਅਰਥ "ਮਗਰਮੱਛ" ਹੈ, ਜਨੁਕ ਲਹਿਰ ਦਰਯਾਵ ਤੇ ਨਿਕਸਯੋ ਵਡੋ ਨਿਹੰਗ" (ਚਰਿਤਰ ੨੧੭) ਜਾਂ ਫਿਰ

ਨਿਹਸੰਗ, ਨਿਰਲੇਪ, ਆਤਮਗਯਾਨੀ, ਦਵੰਦ ਦਾ ਤਿਆਗੀ "ਨਿਹੰਗ ਕਹਾਵੈ ਸੋ ਪੁਰਖ, ਦੁਖ ਸੁਖ ਮੰਨੇ ਨ ਅੰਗ" (ਪੁ: ਮ: ੫) ਇਸੇ ਤਰ੍ਹਾਂ ਇਹਨਾਂ ਦੀਆਂ ਸਿਫ਼ਤਾਂ ਬਾਰੇ ਇਕ ਕਹਾਵਤ ਪ੍ਰਸਿਧ ਹੈ:—

"ਮੁਲਾਂ ਬ੍ਰਾਹਮਣ ਨਾ ਬੁਝੇ
ਬੁਝੇ ਫਕਰ ਨਿਹੰਗ।"

ਭਾਈ ਕਾਹਨ ਸਿੰਘ ਜੀ ਅਨੁਸਾਰ ਇਕ ਵਾਰ ਸਾਹਿਬਜ਼ਾਦਾ ਫਤਿਹ ਸਿੰਘ ਜੀ ਗੁਰੂ ਜੀ ਕੋਲ ਸੀਸ ਤੇ ਦੁਮਾਲਾ ਸਜਾ ਕੇ ਆਏ ਤਾਂ ਗੁਰੂ ਜੀ ਨੇ ਨਿਰਾਲਾ ਬਾਣਾ ਵੇਖ ਕੇ ਸਾਹਿਬਜ਼ਾਦਾ ਜੀ ਨੂੰ ਕਿਹਾ ਕਿ ਤੁਹਾਡੇ ਤੋਂ ਨਿਹੰਗ ਪੰਥ ਚੱਲੇਗਾ। ਇਸ ਪ੍ਰਥਾਇ ਗਿਆਨੀ ਗਿਆਨ ਸਿੰਘ ਜੀ ਪੁਸਤਕ "ਪੰਥ ਪ੍ਰਕਾਸ਼" ਦੇ ਪੰਨਾ ੧੨੬੨ (ਛਾਪਕ ਭਾਸ਼ਾ ਵਿਭਾਗ ਪੰਜਾਬ) ਤੇ ਲਿਖਦੇ ਹਨ:—

ਕਬਿਤ ॥

ਫਤੇ ਸਿੰਘ ਸਾਹਿਬਜਾਦਾ ਬਾਲ ਕੇ ਲੈ ਸੰਗ ਜਯਾਦਾ
ਹੋਲੀਓਂ ਮੈ ਸ੍ਵਾਂਗ ਸਾਦਾ ਗੁਰੂ ਪਾਸ ਆਯੋ ਹੈ ॥
ਜੋੜਟ ਸੀ ਲੱਕ ਕੱਛ ਦਸਤਾਰ ਊਚ ਅਛ
ਸੋਟਾ ਮੋਟਾ ਕਾਧੇ ਸਫ਼ ਬਸਨ ਸਜਾਯੋ ਹੈ ॥
ਬੋਲੇ ਹੈਂ ਅਕਾਲ ਤੈ ਅਕਾਲ ਤੇਗ ਢਾਲ ਧਾਰੇ
ਦੇਖ ਕੈ ਗੁਰੂ ਜੀ ਹੱਸ ਬਚਨ ਅਲਾਯੋ ਹੈ।
ਬਾਰੇ ਪੰਥ ਚਲੇਗੋ ਬਿਸਾਲੇ ਜੰਗ ਆਲੇ ਪਾਲੇ
ਸੋਦਕ ਅਕਾਲੇ ਕੋ ਅਕਾਲੀ ਬਿਧ ਤਾਯੋ ਹੈ ॥੨੯॥



ਨਿਹੰਗ ਸਿੰਘਾਂ ਦੀ ਨਵੇਕਲੀ ਸੂਹਜ-ਭਾਵਨਾ

ਕਈ ਇਤਿਹਾਸਕਾਰ ਨਿਹੰਗ ਸਿੰਘਾਂ ਦਾ ਮੁਢ ਸਾਹਿਬਜਾਦਾ ਅਜੀਤ ਸਿੰਘ ਜੀ ਤੋਂ ਹੋਇਆ ਮੰਨਦੇ ਹਨ। ਕੁਝ ਲੇਖਕਾਂ ਦਾ ਖਿਆਲ ਹੈ ਕਿ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੀਲਾ ਬਾਣਾ ਉਚ ਦੇ ਪੀਰ ਵਾਲਾ ਪਾੜ ਕੇ ਅੱਗ ਵਿਚ ਸਾੜਿਆ ਤਾਂ ਇਕ ਲੀਰ ਨੂੰ ਕਟਾਰ ਨਾਲ ਬੰਨਿਆ ਤਾਂ ਨੀਲਾਂਬਰੀ ਸੰਪ੍ਰਦਾਇ ਹੋਂਦ ਵਿਚ ਆਈ। ਭਾਈ ਸੰਤੋਖ ਸਿੰਘ ਜੀ 'ਗੁਰ ਪ੍ਰਤਾਪ ਸੂਰਜ' ਵਿਚ ਲਿਖਦੇ ਹਨ:—

ਸਗਲੇ ਫੂਕ ਚੁਕੇ ਨੀਲਾਂਬਰ ਤਨਿਕ, ਤਿਸੀ ਤੇ ਰਾਖਲਯ
ਜਮਧਰ ਸੰਗ ਬੰਧ ਕਰ ਸੋਊ ਪੰਥ ਬੇਖ ਹਿਤ ਸਭਿਨ ਛਯਾ।

ਭਾਈ ਸੰਤੋਖ ਸਿੰਘ ਜੀ ਉਪਰੋਕਤ ਲਿਖਤ ਵਿਚ ਇਹ ਵੀ ਲਿਖਦੇ ਹਨ ਕਿ ਗੁਰੂ ਜੀ ਨੇ ਭਾਈ ਮਾਨ ਸਿੰਘ ਜੀ ਨੂੰ ਵਰ ਦਿਤਾ ਕਿ ਤੇਰਾ ਨਿਹੰਗ ਪੰਥ ਚਲੇਗਾ:-

ਹੈ ਪ੍ਰਸੰਨ ਬਰ ਦੇਵਤ ਜੋਵੈ। ਪੰਥ ਖਾਲਸੇ ਮੇ ਤਵ ਹੋਵੈ।
ਤੁਝ ਸਮ ਬੇਖ ਸੁਭਾਉ ਬਿਸਾਲੀ।
ਨਾਮ ਨਿਹੰਗ ਅਨੇਕ ਅਕਾਲੀ।

ਨਿਹੰਗ ਸਿੰਘਾਂ ਵਿਚ ਇਹ ਵੀ ਵਿਚਾਰ ਪ੍ਰਚਲਤ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਿਹੰਗਾਂ ਦੇ ਦੁਮਾਲੇ ਦਾ ਫਰਹਰਾ ਨਿਸ਼ਾਨ ਦਾ ਚਿੰਨ ਥਾਪਿਆ ਸੀ। ਜੋ ਕਿ ਬਹਾਦਰੀ, ਸੂਰਬੀਰਤਾ ਅਤੇ ਜਿਤ ਦਾ ਪ੍ਰਤੀਕ ਸੀ। ਨਿਹੰਗ ਸਿੰਘ ਦੇ ਮੁਢ ਅਥਵਾ ਆਗਮਨ ਬਾਰੇ ਚਾਹੇ ਇਤਿਹਾਸਕਾਰਾਂ ਵਿਚ ਕਿੰਨਾ ਹੀ ਮਤ ਭੇਦ ਹੋਵੇ ਪਰ ਇਕ ਵਿਚਾਰ ਤੇ ਜਰੂਰ ਸਹਿਮਤੀ ਹੈ ਕਿ ਇਹ ਸੰਪ੍ਰਦਾਇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਂਦ ਵਿਚ ਆਈ। ਨਿਹੰਗ ਸਿੰਘ ਉਹਨਾਂ ਸਿੰਘਾਂ ਨੂੰ ਕਿਹਾ ਜਾਂਦਾ ਹੈ ਜੋ ਦੁਖ ਸੁਖ ਤੋਂ ਨਿਆਰਾ ਰਹੇ, ਗਊ ਗਰੀਬ ਦੀ ਰਖਿਆ ਕਰੇ, ਰਹਿਤ ਮਰਯਾਦਾ ਵਿਚ ਪ੍ਰਪੱਕ ਹੋਵੇ, ਅਰਦਾਸਾ ਸੋਧ ਕੇ ਪਿਠ ਨਾ ਦੇਵੇ, ਮੈਦਾਨਿ ਜੰਗ ਵਿਚ ਸ਼ੇਰ ਵਾਂਗ ਬੁੱਕੇ ਅਤੇ ਅਕਾਲ ਪੁਰਖ ਤੋਂ ਬਿਨਾਂ ਹੋਰ ਕਿਸੇ ਦਾ ਜਾਪ ਨਾ ਕਰੇ ਭਾਵ ਕਿਸੇ ਦੇਵੀ ਦੇਵਤੇ ਦਾ ਨਾਮ ਨਾ ਧਿਆਏ। ਬਿਰਧ ਵਿਵੇਕਾ ਸਿੰਘ ਜੀ ਅੰਮ੍ਰਿਤਸਰੀ ਅਨੁਸਾਰ ਸਭ ਤੋਂ ਪਹਿਲਾਂ ਫਰਹਰਾ ਨਿਸ਼ਾਨ ਚਿੰਨ ਵਜੋਂ ਬਾਬਾ ਨੈਣਾ ਸਿੰਘ ਜੀ ਨੇ ਥਾਪਿਆ ਸੀ। ਨਿਰਮਲੇ ਸੰਤਾਂ 'ਚੋਂ ਪੰਡਤ ਨਿਹਾਲ ਸਿੰਘ ਥੋਹਾ (ਰਾਵਲਪਿੰਡੀ) ਨਿਵਾਸੀ ਅਦੁਤੀ ਵਿਦਵਾਨ ਹੋਏ ਹਨ ਜਿਹਨਾਂ ਨੇ ਸੰਸਕ੍ਰਿਤ ਭਾਸ਼ਾ ਵਿਚ ਜਪੁ ਜੀ ਸਾਹਿਬ ਦੀ ਸਟੀਕ ਰਚਨਾ 'ਗੁਢਾਰਥ ਦੀਪਕਾ' ਨਾਮ ਹੇਠ ਕੀਤੀ। ਆਪ ਜੀ ਉਸ ਵਿਚ ਦਸਮ ਪਾਤਸ਼ਾਹ ਜੀ ਦਾ ਨਿਹੰਗ ਸਿੰਘਾਂ ਬਾਰੇ ਫਰਮਾਨ ਇਸ ਤਰ੍ਹਾਂ ਬਿਆਨ ਕਰਦੇ ਹਨ:—

ਧਰਮ ਕੇ ਧੁਰੰਤਰ ਉਦਾਰਤਾ ਕੇ ਧਾਰਾਧਾਰ
ਭੋਲੇ ਭਾਲੇ ਭ੍ਰਾਜਤੇ ਪ੍ਰੇਮ ਰੰਗ ਮੈ।
ਸਰਬ ਲੋਹ ਪਯਾਰੇ ਅੂਬ ਖੂਲ ਲੋ ਨਾ ਦੂਬ ਬੰਧ
ਨੇਕ ਹੂੰ ਨਾ ਗੁਬ ਪੁੰਨ ਯਾ ਕੇ ਸੰਗ ਮੈ।
ਸਾਜ ਕੇ ਸੁਬਾਨੇ ਸੂਰ ਗਾਜ ਕੇ ਮ੍ਰਿਗੇਂਦਰ ਭੂਰਿ
ਭਾਜ ਕੇ ਸਨੀਮ ਕੋ ਬਿਦਾਰੈ ਜੋਰ ਜੰਗ ਮੈ।
ਮੋਦਕੇ ਤਰੰਗ ਮੈਂ ਉਮੰਗ ਕੇ ਉਤੰਗ ਪੰਥ
ਲੋਕ ਦੇਗ ਤੇਗ ਕੇ ਸੁ ਕੀਨੇ ਏ ਨਿਹੰਗ ਮੈਂ।

ਨਿਹੰਗ ਸਿੰਘਾਂ ਨੂੰ ਅਕਾਲੀ ਸਿੰਘ ਵੀ ਕਿਹਾ ਜਾਂਦਾ

(ਬਾਕੀ 14 ਤੇ)




* ਈਆਨ ਵਾਡਲ ਅਤੇ ਮਾਰਗਰੇਟ ਮਿੱਚਲ ਇਮੀਗਰੇਸ਼ਨ, ਬੇਰੁਜ਼ਗਾਰੀ ਅਤੇ ਹੋਰ ਮੁਸ਼ਕਲਾਂ ਵਿੱਚ ਤੁਹਾਡੀ ਲਗਾਤਾਰ ਮੱਦਦ ਕਰਦੇ ਹਨ।

* ਐਨ. ਡੀ. ਪੀ. ਇੱਕੋ ਇੱਕ ਪਾਰਟੀ ਹੈ ਜਿਸ ਨੇ ਪਾਰਲੀਮੈਂਟ ਵਿੱਚ ਪੰਜਾਬ ਵਿੱਚ ਭਾਰਤੀ-ਕੈਨਡੀਅਨਾਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਸੁਰੱਖਿਆ ਦਾ ਮਸਲਾ ਉਠਾਇਆ।

**4 ਸਤੰਬਰ ਨੂੰ ਐਨ. ਡੀ. ਪੀ. ਨੂੰ ਵੋਟ ਪਾਓ**



**ਵੈਨਕੂਵਰ ਈਸਟ ਵਿੱਚ**

MITCHELL, Margaret A. X

ਮਾਰਗਰੇਟ ਮਿੱਚਲ ਨੂੰ ਦੁਬਾਰਾ ਚੁਣੇ ਜਾਣ ਲਈ ਮੱਦਦ ਕਰਨ ਲਈ ਜਾਂ ਵੋਟਾਂ ਵਾਲੇ ਦਿਨ ਰਾਈਡ ਲਈ, ਫੋਨ ਕਰੋ

251-4751



**ਵੈਨਕੂਵਰ ਕਿੰਗਜ਼ਵੇ ਵਿੱਚ**

WADDELL, IAN X

ਈਆਨ ਵਾਡਲ ਨੂੰ ਦੁਬਾਰਾ ਚੁਣੇ ਜਾਣ ਲਈ ਮੱਦਦ ਕਰਨ ਲਈ ਜਾਂ ਵੋਟਾਂ ਵਾਲੇ ਦਿਨ ਰਾਈਡ ਲਈ, ਫੋਨ ਕਰੋ

438-3312

Authorized by Jack Allen, Official agent for Margaret Mitchell, and C. Harris, official agent for Ian Waddel,

# ਲੌਇਲ ਫਰਨੀਚਰ ਲਿ:

**2707 MAIN ST., VANCOUVER, B.C.**

THE HOUSE OF QUALITY FURNITURE

# '84 SUMMER SPECIALS

## SALE

FOR

- SERVICE
- QUALITY &
- BEST PRICES

ਵਧੀਆ ਫਰਨੀਚਰ ਦੀ ਚੋਣ 'ਚੋਂ ਖ਼੍ਰੀਦੋ :

- ਸੌਲਿਡ ਓਕ ਤੇ ਪਾਈਨ ਵੁੱਡ ਦੀਆਂ ਬੈੱਡਰੂਮ ਤੇ ਡਾਈਨਿੰਗ ਰੂਮ ਸੁਈਟਸ
- ਐਟਲਾਂਟਿਕ ਤੇ ਹੋਰ ਕੰਪਨੀਆਂ ਦੇ ਵਧੀਆ ਸੋਫਾ ਸੈਟ

ਤੇ ਹੋਰ ਹਰ ਤਰ੍ਹਾਂ ਦਾ ਫਰਨੀਚਰ ਖ਼੍ਰੀਦਣ ਦਾ ਸੁਨਹਿਰੀ ਮੌਕਾ





ਹਰ ਆਈਟਮ ਤੇ ਸੇਲ ਹੈ 15 ਪ੍ਰਤੀਸ਼ਤ ਤੋਂ 50 ਪ੍ਰਤੀਸ਼ਤ ਤੱਕ ਕੀਮਤਾਂ ਘੱਟ ਕਰ ਦਿੱਤੀਆਂ ਹਨ ।

- ਵਧੀਆ ਕੁਆਲਿਟੀ
- ਵਾਜਬ ਕੀਮਤਾਂ ਤੇ
- ਭਰੋਸੇਯੋਗ ਸਰਵਿਸ ਲਈ ਹਮੇਸ਼ਾਂ ਯਾਦ ਰੱਖੋ

ਆਪਣੇ ਘਰਾਂ ਵਿੱਚ ਵਧੀਆ ਮਜ਼ਬੂਤ ਤੇ ਸ਼ਾਨਦਾਰ ਫਰਨੀਚਰ ਰੱਖਣ ਲਈ ਹਮੇਸ਼ਾ ਇੱਕ ਹੀ ਨਾਮ ਯਾਦ ਰੱਖੋ

*OPEN 7 DAYS A WEEK*

LF

# LOYAL FURNITURE LTD

**Ph.: 879-8319**

2707 Main Street,(at 11th Ave.) Vancouver, B.C.

Loyal - The Most Trusted Name in Furniture Business.

**Ph.: 879-4813**

# ਲੌਇਲ ਫਰਨੀਚਰ ਲਿ:



## 1984 ਸਮਰ ਸਪੈਸ਼ਲ ਸੇਲ

**PRICE & VALUE**
we give you both

**GURANTEED LOW PRICES**

**ਫਰਨੀਚਰ ਦੀਆਂ ਕੀਮਤਾਂ ਬਹੁਤ ਹੀ ਘੱਟ**

# 15%- 50% OFF

**Best Selection of**
*Bed Room Suites
*Dining Room Suites
*Living Room Suites
made by
Famous manufacturers
solid pine & oak wood.

# ATTENTION!

ਹੋਰ ਕਿਤੇ ਫਰਨੀਚਰ ਖ਼੍ਰੀਦਣ ਤੋਂ ਪਹਿਲਾਂ ਲੌਇਲ ਫਰਨੀਚਰ ਤੇ ਰੈਗੂਲਰ ਕੀਮਤਾਂ ਜ਼ਰੂਰ ਚੈੱਕ ਕਰੋ.... ਕਿਉਂਕਿ ਸਾਡੇ ਸਟੋਰ ਤੇ ਰੈਗੂਲਰ ਕੀਮਤਾਂ ਹਮੇਸ਼ਾਂ ਹੀ ਬਾਕੀ ਸਟੋਰਾਂ ਦੀਆਂ 'ਸੇਲ' ਕੀਮਤਾਂ ਨਾਲੋਂ ਵਾਜ਼ਬ ਹੁੰਦੀਆਂ ਹਨ!





**ਆਪਣੇ ਘਰਾਂ ਵਿੱਚ ਵਧੀਆ ਮਜ਼ਬੂਤ ਤੇ ਸ਼ਾਨਦਾਰ ਫਰਨੀਚਰ ਰੱਖਣ ਲਈ ਹਮੇਸ਼ਾ ਇਕ ਹੀ ਨਾਮ ਯਾਦ ਰੱਖੋ**

Loyal - The Most Trusted Name in Furniture Business.

# LOYAL FURNITURE LTD

Ph.: 879-8319 2707 Main Street,(at 11th Ave.) Vancouver, B.C. Ph.: 879-4813



ਛਿਆਨਵੇਂ ਕਰੋੜੀ ਬਾਬਾ ਸੰਤਾ ਸਿੰਘ ਜੀ

ਕਿਉਂ ਕਿ ਉਹ ਅਕਾਲ ਪੁਰਖ ਤੋਂ ਬਿਨਾ ਹੋਰ ਕਿਸੇ ਦੀ ਟੇਕ ਨਹੀਂ ਰਖਦੇ ਅਤੇ ਪਰਮਾਤਮਾ ਨੂੰ ਸਦਾ ਆਪਣੇ ਅੰਗ ਸੰਗ ਸਮਝਦੇ ਹਨ। ਪਰੰਤੂ ਇਹਨਾਂ ਨੂੰ ਦੋਵੇਂ ਨਾਂ ਨਿਹੰਗ ਅਤੇ ਅਕਾਲੀ ਕਦੋਂ ਦਿਤੇ ਅਤੇ ਕਿਵੇਂ ਪ੍ਰਚਲਿਤ ਹੋਏ, ਕੁਝ ਪਤਾ ਨਹੀਂ ਚਲਦਾ। ਭਾਈ ਕਾਹਨ ਸਿੰਘ ਨਾਭਾ ਜੀ ਨੇ 'ਨਿਹੰਗ' ਸ਼ਬਦ ਦੇ ਅਰਥ ਖੜਗ, ਘੜਿਆਲ (ਮਗਰਮੱਛ), ਨਿਰਭਉ, ਆਤਮ-ਗਿਆਨੀ ਆਦਿ ਕੀਤੇ ਹਨ ਪਰ ਨਿਹੰਗ ਸ਼ਬਦ ਦਾ ਅਰਥ ਮਗਰਮਛ ਕਢਣਾ ਅਤੇ ਅਕਾਲੀ ਸਿੰਘ ਨਾਲ ਜੋੜਨਾ, ਇਹ ਸੰਬੰਧ ਕਿਵੇਂ ਹੋਇਆ? ਕੋਈ [illegible] ਯੋਗ ਜਵਾਬ ਨਹੀਂ ਮਿਲਦਾ। ਭਾਈ ਕਾਹਨ ਸਿੰਘ ਨਾਭਾ ਜੀ ਤੋਂ ਪਹਿਲਾ ਕਈ ਯੂਰਪੀਨ ਲਿਖਾਰੀਆਂ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਐਚ. ਏ. ਰੋਜ਼ ਨਿਹੰਗ ਸਿੰਘਾਂ ਦੀ ਉਚੀ ਨੋਕਦਾਰ ਪੱਗ ਨੂੰ ਮਗਰਮੱਛ ਦੇ ਰੂਪ ਨਾਲ ਜੋੜਦਿਆ ਲਿਖਦਾ ਹੈ ਕਿ ਅਜਿਹੇ ਸਰੂਪ ਦੀ ਪਗੜੀ ਸਿਖਾਂ ਨੇ ਸ਼ਾਹ ਜ਼ਮਾਨ ਦੀਆਂ ਫੌਜਾ ਨਾਲ ਗੁਰੀਲਾ ਯੁਧ ਲੜਨ ਸਮੇਂ ਤੁਰਕੀ ਫੌਜੀਆਂ ਦਾ ਭੇਸ ਧਾਰਨ ਲਈ ਬੰਨ੍ਹੀ ਸੀ ਪਰੰਤੂ ਇਕ ਹੋਰ ਪਰੰਪਰਾ ਅਨੁਸਾਰ ਫਰਹਰੇ ਵਾਲੀ ਪਗੜੀ ਦਾ ਆਰੰਭ ਅਕਾਲੀ ਫੂਲਾ ਸਿੰਘ ਜੀ ਤੋਂ ਹੋਇਆ ਸੀ। ਚਾਹੇ ਕਿਸੇ ਵੀ ਪਰੰਪਰਾ ਨੂੰ ਮੰਨਿਆ ਜਾਵੇ, ਇਹਨਾਂ ਦੀ ਪੰਥ ਨੂੰ ਅਨਮੋਲ ਦੇਣ ਹੈ। ਉਹਨਾਂ ਨੇ ਅਠਾਰ੍ਹਵੀ ਸਦੀ ਵਿਚ ਅਨੇਕਾ ਗੁਰਦੁਆਰਿਆਂ ਦੀ ਸੇਵਾ ਸੰਭਾਲ ਕੀਤੀ ਅਤੇ ਪੂਰਨ ਮਹੰਤ ਮਰਯਾਦਾ ਨਿਭਾਉਂਦੇ ਰਹੇ।

ਉਹ ਗੁਰਦੁਆਰਿਆਂ ਵਿਚ ਜਥੇਦਾਰ, ਪਹਿਰੇਦਾਰ ਜਾਂ ਚੌਕੀਦਾਰ ਦੀ ਸੇਵਾ ਨਿਭਾਉਂਦੇ ਰਹੇ:—

ਸਵਾਰਥ ਤੋਂ ਬਿਨਾ ਗੁਰਦਵਾਰਿਆ ਦਾ ਚੌਕੀਦਾਰ
ਧਰਮ ਦੇ ਜੰਗ ਲਈ ਚੜ੍ਹੇ ਮੁਖ ਲਾਲੀ ਹੈ
ਪੂਜੇ ਨ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ
ਸਿਖ ਦਸਮੇਸ਼ ਦਾ ਸੋ ਕਹੀਏ 'ਅਕਾਲੀ' ਹੈ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਬੰਦਾ ਬਹਾਦਰ ਜੀ ਦੇ ਸਮੇਂ ਨਿਹੰਗਾਂ ਨੇ ਸਿਖਾਂ ਵਿਚ ਖਾਸ ਰੁਤਬੇ ਵਾਲੀ ਜਗਾ ਬਣਾ ਲਈ। ਜਦ ਵੀ ਪੰਥ ਵਿਚ ਰਹਿਤ ਮਰਯਾਦਾ ਦੀ ਅਵਗਿਆ ਵਾਲੀ ਕੋਈ ਘਟਨਾ ਵਾਪਰਨ ਲਗਦੀ ਤਾਂ ਉਹ ਝਟ ਅੜ ਖਲੋਂਦੇ ਸਨ। ਕਿਹਾ ਜਾਂਦਾ ਹੈ ਕਿ ਬੰਦਾ ਬਹਾਦਰ ਜੀ ਨੇ "ਵਾਹਿਗੁਰੂ ਜੀ ਕੀ ਫਤਹ" ਦੀ ਥਾਂ "ਫਤਿਹ ਦਰਸਨ" ਦੀ ਪਿਰਤ ਤੋਰੀ ਤਾਂ ਨਿਹੰਗ ਸਿੰਘ ਉਸ ਦੇ ਖਿਲਾਫ ਹੋ ਗਏ। ਬਾਬਾ ਦੀਪ ਸਿੰਘ ਜੀ, ਬੰਦਾ ਬਹਾਦਰ ਜੀ ਦਾ ਸੰਗ ਛਡ ਕੇ ਵਾਪਸ ਆਪਣੇ ਸਦਰ ਮੁਕਾਮ ਤਲਵੰਡੀ ਸਾਬੋ, ਦਮਦਮਾ ਸਾਹਿਬ ਆ ਗਏ। ਜਦ ਵੀ ਪੰਥ ਤੇ ਕੋਈ ਭੀੜ ਬਣਦੀ ਜਾਂ ਮਾਰੂ ਹਨੇਰ ਝੁਲਦਾ ਤਾਂ ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਖੇ 'ਗੁਰਮਤਾ' ਸੋਧਿਆ ਜਾਂਦਾ, ਉਸ ਸਮੇਂ ਉਹਨਾਂ ਨਿਹੰਗਾਂ ਦਾ ਖਾਸ ਰੋਲ ਹੁੰਦਾ ਸੀ। ਉਥੇ ਕਈ ਸਿਖ ਸਰਦਾਰ, ਜਥੇਦਾਰਾਂ ਤੇ ਮਿਸਲਦਾਰਾਂ ਦੀ ਆਪਸੀ ਈਰਖਾ ਅਤੇ ਦੁਸ਼ਮਣੀ ਉਹ ਨਿਹੰਗ ਹੀ ਦੂਰ ਕਰਦੇ ਸਨ ਅਤੇ ਗੁਰਮਤ ਤੇ ਚਲਣ ਦੀ ਪ੍ਰੇਰਨਾ ਕਰਦੇ ਸਨ। ਬੰਦਾ ਬਹਾਦਰ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਅਕਾਲੀ ਸਿੰਘਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ ਅਤੇ ਪਰੰਪਰਾ ਅਨੁਸਾਰ, ਅਨੁਸ਼ਾਸਨ ਵਿਚ ਰਖਣ ਲਈ ੧੭੩੪ ਈਸਵੀ ਵਿਚ ਵਿਚਾਰਵਾਨ ਸਿੰਘਾਂ ਨੇ 'ਤਰਨ ਦਲ' ਅਤੇ 'ਬੁੱਢਾ ਦਲ' ਹੋਂਦ ਵਿਚ ਲਿਆਂਦੇ। ਤਰਨ ਦਲ ਵਿਚ ਸਿਰਫ ਉਹ ਸਿੰਘ ਹੀ ਸ਼ਾਮਲ ਹੁੰਦੇ ਜਿਹਨਾਂ ਦੀ ਉਮਰ ਚਾਲ੍ਹੀ ਸਾਲ ਜਾਂ ਚਾਲ੍ਹੀ ਤੋਂ ਘਟ ਹੁੰਦੀ ਸੀ। ਬੁੱਢਾ ਦਲ ਵਿਚ ਚਾਲ੍ਹੀ ਸਾਲ ਤੋਂ ਉਪਰ ਵਾਲੀ ਉਮਰ ਦੇ ਸਿੰਘ ਸ਼ਾਮਲ ਹੁੰਦੇ ਸਨ। ਤਰਨ ਦਲ ਦੇ ਸਿੰਘਾਂ ਦੇ ਜ਼ੁੰਮੇ ਗੁਰਦੁਖੀਆਂ ਨੂੰ ਸੋਧਣਾ ਅਤੇ ਜੋ ਇਲਾਕੇ ਦੇ ਲੋਕ ਰਾਖੀ ਸਿਸਟਮ ਵਾਲਾ ਸਿਖਾਂ ਨੂੰ ਟੈਕਸ ਭਰਦੇ ਸਨ, ਉਹਨਾ ਦੀ ਚੋਰ ਉਚਕਿਆਂ ਤੋਂ ਰਾਖੀ ਕਰਨਾ ਸੀ। ਬੁਢਾ ਦਲ ਦੇ ਜ਼ੁੰਮੇ ਗੁਰਦੁਆਰਿਆਂ ਵਿਚ ਰਹਿਤ ਮਰਯਾਦਾ ਨੂੰ ਪਰਪੱਕ ਕਰਨ ਦਾ ਮੁਖ ਕਮ ਹੁੰਦਾ ਸੀ। ਬੁਢਾ ਦਲ ਦੇ ਜਥੇਦਾਰਾ ਦੇ ਨਾਮ ਨਵਾਬ ਕਪੂਰ ਸਿੰਘ, ਜਸਾ ਸਿੰਘ ਆਹਲੂਵਾਲੀਆ, ਬਘੇਲ ਸਿੰਘ ਆਦਿਕ ਹਨ। ਇਕ ਪਰੰਪਰਾ ਅਨੁਸਾਰ ਬੁਢਾ ਦਲ ਦੇ ਮੋਢੀ ਬਾਬਾ ਬੁਢਾ ਜੀ ਸਨ ਜੋ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਤਕ ਪੰਜ ਗੁਰੂ ਸਾਹਿਬਾਨ ਨਾਲ ਵਿਚ ਰਹੇ। ਕਿਹਾ ਜਾਂਦਾ ਹੈ ਕਿ ਜਦ ਜਹਾਂਗੀਰ ਬਾਦਸ਼ਾਹ ਨੇ ਛੇਵੀਂ ਪਾਤਸ਼ਾਹੀ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਰਖਿਆ ਸੀ ਤਾਂ ਬਾਬਾ ਬੁਢਾ ਜੀ ਨਿਸ਼ਾਨ ਸਾਹਿਬ ਤੇ ਇਕ ਧੌਂਸਾ ਲੈ ਕੇ ਯੁਧ ਕਰਨ ਤੁਰ ਪਏ ਤਾਂ ਕਿ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ 'ਚੋਂ ਜੰਗ ਕਰ ਕੇ ਛੁਡਾਇਆ ਜਿਸ ਜਗ੍ਹਾ ਸਾਹਿਬਜ਼ਾਦਾ ਬਾਬਾ ਫਤੇ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਚ ਪਹਿਲੀ ਵਾਰ ਦੁਮਾਲਾ

ਬਾਕੀ ਸਫਾ 15 ਤੇ



ਮੁਖ ਮੈ ਹਰਿ ਚਿਤ ਮੈ ਜੁਧ ਬਿਚਾਰੈ
ਗੁਰਦੁਆਰਾ ਹਰੀਆਂ ਵਲਾਂ (ਹੁਸ਼ਿਆਰਪੁਰ) ਵਿਖੇ
ਨਿਹੰਗ ਸਿੰਘ ਦਾ ਕਾਠ-ਚਿੱਤਰ

o ਗਰਲ ਫਰੈਂਡ
ਜੇਬ ਦੀ ਸਫਾਈ ਦਾ ਆਧੁਨਿਕ ਜੰਤਰ।

o ਸ਼ਾਦੀ
ਜੋ ਕਰੇ, ਸੋ ਭਰੇ।


NON-SMOKERS & SMOKERS



TOGETHER
WE ARE
STRONGER

NORTH AMERICAN LIFE

Permanent & Terms
Plan

SUDESH KALIA



- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

Ph. 685-9335


## ਅੱਗ ਦੇ ਅਨਾਰ

o ਅੰਗੂਠੀ
ਇਕ ਕੁੜੀ ਨੇ ਮੰਗਣੀ ਦੇ ਕੁਝ ਦਿਨ ਮਗਰੋਂ ਕੁਝ ਸਹੇਲੀਆਂ ਦੀ ਦਾਅਵਤ ਕੀਤੀ, ਪਰ ਦਾਅਵਤ ਵਿਚਕਾਰ ਸੰਜੋਗ ਨਾਲ ਕਿਸੇ ਨੇ ਵੀ ਉਹਦੀ ਅੰਗੂਠੀ ਵਲ ਧਿਆਨ ਨਹੀਂ ਦਿਤਾ, ਤਾਂ ਕੁਝ ਸੋਚਣ ਮਗਰੋਂ ਉਹ ਬੋਲੀ- "ਓਹ! ਕਿੰਨੀ ਸਖਤ ਗਰਮੀ ਏ। ਅੱਜ ਮੇਰਾ ਖਿਆਲ ਏ, ਅੰਗੂਠੀ ਲਾਹ ਕੇ ਹੀ ਰਖ ਦੇਵਾਂ।"

o ਲਾੜਾ
ਇਕ ਵਾਰ ਇਕ ਵਿਅਕਤੀ ਆਪਣੇ ਖੋਤੇ ਨੂੰ ਨੁਹਾ ਰਿਹਾ ਸੀ।
"ਇਹਨੂੰ ਕਿਉਂ ਨੁਹਾ ਰਹੇ ਹੋ?" ਇਕ ਨੇ ਪੁਛਿਆ
"ਇਹਦੀ ਸ਼ਾਦੀ ਏ"—ਜਵਾਬ ਮਿਲਿਆ।
"ਇਸ ਖੁਸ਼ੀ 'ਚ ਸਾਨੂੰ ਕੀ ਖੁਆਉਗੇ"— ਦੋਸਤ ਨੇ ਪੁਛਿਆ।
"ਜੋ ਲਾੜਾ ਖਾਵੇਗਾ, ਉਹੀ ਤੂੰ ਖਾ ਲਵੀਂ!"

o ਡਰਪੋਕ
ਪਤੀ— ਸ੍ਰੀਮਤੀ, ਰਾਤ ਸਾਡੇ ਘਰ ਦੋ ਚੋਰ ਵੜ ਆਏ। ਉਨ੍ਹਾਂ ਮੈਨੂੰ ਮੁਰਗਾ ਬਣਾ ਕੇ ਖੂਬ ਕੁਟਿਆ ਤੇ ਸਾਰਾ ਸਮਾਨ ਲੈ ਗਏ।
ਪਤਨੀ— ਤਾਂ ਫਿਰ ਤੁਸਾਂ ਸ਼ੋਰ ਕਿਉਂ ਨਹੀਂ ਮਚਾਇਆ?
ਪਤੀ— ਵਾਹ! ਭਲਾ ਮੈਂ ਕੋਈ ਡਰਪੋਕ ਸਾਂ ਕਿ ਸ਼ੋਰ ਮਚਾਂਦਾ।

o ਪੁਲੀਸ-ਅਫਸਰ ਦੀ ਪਤਨੀ
ਇਕ ਪੁਲੀਸ ਅਫਸਰ ਦੀ ਪਤਨੀ ਆਪਣੇ ਪਤੀ ਦੀ ਜੇਬ 'ਚੋਂ ਰੁਪਏ ਕਢ ਰਹੀ ਸੀ। ਅਚਾਨਕ ਪਤੀ ਨੇ ਕਿਹਾ—"ਸ੍ਰੀਮਤੀ, ਹੈਂਡਸ ਅੱਪ।"
ਪਤਨੀ ਨੇ ਕਿਹਾ—"ਸਿਰਤਾਜ! ਮੈਂ ਤੁਹਾਡੀ ਪਤਨੀ ਹਾਂ।"
ਪਤੀ ਨੇ ਕਿਹਾ—"ਸ੍ਰੀਮਤੀ, ਮੈਂ ਇਸ ਵੇਲੇ ਸਿਰਤਾਜ ਨਹੀਂ, ਪੁਲੀਸ ਦਾ ਅਫਸਰ ਹਾਂ।"
ਪਤਨੀ ਨੇ ਦੋ ਸੌ ਰੁਪਏ ਪਤੀ ਨੂੰ ਦਿੰਦੇ ਹੋਏ ਕਿਹਾ— "ਮੁਆਮਲਾ ਇੱਥੇ ਹੀ ਰਹਿਣ ਦਿਉ।"

o ਮਰੀਜ਼-ਤਸਵੀਰ
ਚਿੱਤਰਕਾਰ ਨੇ ਇਕ ਆਦਮੀ ਦੀ ਤਸਵੀਰ ਬਣਾਈ ਤੇ ਪਹਿਲਾਂ ਆਪਣੇ ਇਕ ਡਾਕਟਰ-ਮਿੱਤਰ ਕੋਲ ਵਿਖਾਣ ਲੈ ਗਿਆ। ਡਾਕਟਰ ਚਿੰਤਾਤੁਰ ਲਹਿਜੇ 'ਚ ਬੋਲਿਆ- "ਇਹ ਬੱਚੇਗਾ ਨਹੀਂ। ਇਹਨੂੰ ਟਾਈਫਾਇਡ ਹੋ ਗਿਆ ਏ।"

# ਮਾਨ ਮਿਊਜ਼ਿਕ ਵੀਡੀਓ ਐਂਡ ਫ਼ੋਟੋ ਸਟੂਡੀਓ

6512 ਮੇਨ ਸਟਰੀਟ (49 ਐਵੇਨਿਊ) ਵੈਨਕੂਵਰ, ਬੀ. ਸੀ.

ਫ਼ੋਨ : 321-6667

**ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਭਰਪੂਰ ਸਿੰਘ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਲੈਕਚਰ ਦੀ ਵੀਡੀਓ ਟੇਪ ਪਹੁੰਚ ਗਈ ਹੈ**

"ਅਡੋਲ ਖਾਲਸਾ" ਕੁਲਦੀਪ ਮਾਣਕ ਦੀ 11 ਨੰਬਰ ਟੇਪ ਵਿੱਚ ਸੁਣੋ।

86 ਨੰਬਰ ਵਿੱਚ ਸੁਣੋ, ਗੁਰਦਾਸ ਮਾਨ, ਜਗਮੋਹਣ ਕੌਰ, ਕੁਲਦੀਪ ਮਾਣਕ ਅਤੇ ਹੋਰ ਬਹੁਤ ਸਾਰੇ ਕਲਾਕਾਰਾਂ ਦੇ ਗੀਤ

*******************************************

87 ਨੰਬਰ ਟੇਪ ਵਿੱਚ ਬਿਲਕੁੱਲ ਨਵੇਂ ਗਾਣੇ ਪਹੁੰਚ ਚੁੱਕੇ ਹਨ।

*******************************************

**ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਲੈਕਚਰ ਦੀਆਂ 17 ਟੇਪਾਂ ਦਾ ਸੈਟ ਅਤੇ ਗਿਆਨੀ ਸੰਤ ਸਿੰਘ ਮਸਕੀਨ ਹੋਰਾਂ ਦੀਆਂ ਟੇਪਾਂ ਤੋਂ ਇਲਾਵਾ ਸ਼ਬਦ ਕੀਰਤਨ, ਧਾਰਮਿਕ ਗੀਤਾਂ ਦੀ 16 ਨੰਬਰ ਟੇਪ ਪਹੁੰਚ ਗਈ ਹੈ।**

**ਨੋਟ** - ਵੀਡੀਓ ਮਸ਼ੀਨ, ਟੇਪ ਰਿਕਾਰਡ, ਰੇਡੀਓ ਦੀ ਤਸੱਲੀ ਬਖਸ਼ ਮੁਰੰਮਤ ਲਈ ਮਾਨ ਮਿਊਜ਼ਕ ਐਂਡ ਵੀਡਓ ਨੂੰ ਹਮੇਸ਼ਾ ਚੇਤੇ ਰੱਖੋ।

**ਮੁਹੰਮਦ ਰਫੀ ਦੀਆਂ 32 ਗਾਣਿਆਂ ਦੀਆਂ ਟੇਪਾਂ ਸਾਥੋਂ ਖਰੀਦੋ।**

**ਰੀਕਾਰਡਿੰਗ ਵਧੀਆ ਤੇ ਟੇਪਾਂ ਦੀ ਕੁਆਲਿਟੀ ਵਧੀਆ।**

ਆਪਣੀ ਮਨਪਸੰਦ ਦੇ ਗੀਤ ਤੁਸੀਂ ਮਾਨ ਮਿਊਜ਼ਕ ਤੋਂ ਭਰਵਾ ਸਕਦੇ ਹੋ। ਵਿਆਹ ਦੀ ਵੀਡੀਓ ਮੂਵੀਆਂ ਜਾਂ ਫੋਟੋਆਂ ਮਾਨ ਫੋਟੋ ਸਟੂਡੀਓ ਤੇ ਖਿਚਵਾਓ। ਪਾਸਪੋਰਟ ਜਾਂ ਵੀਜ਼ੇ ਲਈ ਫੋਟੋ ਪੰਜ ਮਿੰਟ ਵਿੱਚ ਖਿਚਵਾਓ।

ਸਟੋਰ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ

ਹੋਰ ਜਾਣਕਾਰੀ ਲਈ ਫੋਨ ਕਰੋ 321-6667

ਸਿਤਾਰਿਆਂ ਨਾਲ ਭਰਿਆ 'ਲਾਈਵ' ਸ਼ੋਅ

# ਨਾਜ਼ੀਆ ਅਤੇ ਜ਼ੁਹੇਬ ਹਸਨ

## ਇਸ ਸਦੀ ਦਾ ਬੇਹਤਰੀਨ ਸ਼ੋਅ ਸਾਰੇ ਨਵੇਂ ਸਟਾਰ ਪਹਿਲੀ ਵਾਰ ਆ ਰਹੇ ਹਨ



*Sensational Star*
**RAJ BABBAR**



*Ravishing*
**ANITA RAJ**



**SMITA PATIL**

ਸੁਪਰ ਸਟਾਰ

**ਰਾਜ ਬੱਬਰ**

ਚੋਟੀ ਦੀ ਕਲਾਕਾਰ

**ਸਮੀਤਾ ਪਾਟਿਲ**

ਪੌਪ ਕੁਈਨ

**ਨਾਜ਼ੀਆ ਹਸਨ**

ਪੌਪ ਕਿੰਗ

**ਜ਼ੁਹੇਬ ਹਸਨ**

'ਸੌਤਨ' ਵਰਗੀਆਂ ਮਸ਼ਹੂਰ ਫ਼ਿਲਮਾਂ ਦੀ ਮਿਊਜ਼ਿਕ ਡਾਇਰੈਕਟਰ

**ਊਸ਼ਾ ਖੰਨਾ ਤੇ ਆਰਕੈਸਟਰਾ**

ਹੋਰ ਵੀ ਮਸ਼ਹੂਰ ਫ਼ਿਲਮ ਗੀਤਕਾਰ ਹਸਾ ਹਸਾ ਢਿੱਡੀ ਪੀੜਾਂ ਪਾ ਦੇਣ ਵਾਲੇ ਕਲਾਕਾਰ ਭਾਰਤੀ, ਬ੍ਰਤਾਨਵੀ ਅਤੇ ਪਾਕਿਸਤਾਨੀ ਸੰਗੀਤਕਾਰ

**ਸ਼ੋਅ 30 ਸਤੰਬਰ, 1984 ਨੂੰ ਵੈਨਕੂਵਰ ਪੀ. ਐਨ. ਈ. ਕੌਲਸੀਅਮ ਵਿਚ ਹੋਵੇਗਾ**



*Magnificent Pop Singers*
**NAZIA & ZOHEB HASSAN**



*'Dulhan' Girl*
**RAMESHWARI**

ਕੈਲਗਰੀ ਵਿਚ — 5 ਅਕਤੂਬਰ, 1984
ਐਡਮਿੰਟਨ ਵਿਚ — 6 ਅਕਤੂਬਰ, 1984
ਵਿਨੀਪੈੱਗ ਵਿਚ — 7 ਅਕਤੂਬਰ, 1984

## Show Available For Fiji

Contact :
**Gemline Enterprises**
**Ph. 525-9019**

Worldwide Promoter:
RAPHAEL ANTHONY
C/o India Impact
P.O.BOX 6161
GLENDALE, Ca. 91205
Tel:(213)466-7126

(ਨੋਟ : ਸਮੀਤਾ ਪਾਟਿਲ ਅਤੇ ਰਾਜ ਬੱਬਰ ਕੇਵਲ ਵੈਨਕੂਵਰ ਵਾਲੇ ਸ਼ੋਅ ਵਿਚ ਆ ਰਹੇ ਹਨ)

Watch for tickets Sales
Gemline Enterprises
441, Columbia St.
New Westminster, B.C.




ਤੋਸ਼ੇਖਾਨੇ ਸੰਬੰਧੀ ਸਿੱਖ ਸਾਹਿਬਾਨ ਦਾ ਬਿਆਨ



ਦਿੱਲੀ ਦੇ ਅਕਾਲੀ ਨੌਜਵਾਨਾਂ ਨੇ ਸਰਕਾਰ 'ਵਲੋਂ' ਦਰਬਾਰ ਸਾਹਿਬ ਵਿਚ ਫੌਜਾਂ ਭੇਜੇ ਜਾਣ ਤੇ ਆਪਣੇ ਗੰਮ ਤੇ ਗੁਸੇ ਦਾ ਇਜ਼ਹਾਰ ਇਉਂ ਕੀਤਾ।

## ਤਸਵੀਰਾਂ ਅੱਖੀਂ ਡਿੱਠੀਆਂ

## ਸਿੱਖੀ

ਪ੍ਰੋ: ਮੋਹਣ ਸਿੰਘ

ਉਹ ਕਿਹੜਾ ਬੂਟਾ ਏ?
ਹਰ ਥਾਂ ਜੋ ਪਲਦਾ ਏ —
ਆਰੇ ਦੇ ਦੰਦਿਆਂ ਤੇ
ਰੰਬੀ ਦੀਆਂ ਧਾਰਾਂ ਤੇ,
ਖੈਬਰ ਦਿਆਂ ਦੱਰਿਆਂ ਵਿਚ,
ਸਰਸਾ ਦੀਆਂ ਲਹਿਰਾਂ ਤੇ,
ਸਤਲੁਜ ਦੇ ਕੰਢੇ ਤੇ,
ਲੱਖੀ ਦੇ ਜੰਗਲ ਵਿੱਚ,
ਰੋੜਾਂ ਵਿੱਚ, ਰੱਕੜਾਂ ਵਿੱਚ,
ਬੰਜਰਾਂ ਵਿੱਚ, ਝਖੜਾਂ ਵਿੱਚ,
ਗੜਿਆਂ ਵਿੱਚ ਮੀਹਾਂ ਵਿੱਚ,
ਸਰਹੰਦ ਦੀਆਂ ਨੀਂਹਾਂ ਵਿੱਚ,
ਜਿਥੇ ਵੀ ਲਾ ਦਈਏ,
ਓਥੇ ਹੀ ਪਲਦਾ ਏ,
ਜਿਤਨਾ ਇਹ ਛਾਂਗ ਦਈਏ,
ਉਤਨਾ ਇਹ ਫਲਦਾ ਏ।

ਉਹ ਕਿਹੜਾ ਬੂਟਾ ਏ?

ਭੁਖਿਆਂ ਤਰਹਾਇਆਂ ਨੂੰ
ਜੋ ਫਲ ਖੁਆਂਦਾ ਏ,
ਥਕਿਆਂ ਤੇ ਟੁਟਿਆਂ ਨੂੰ,
ਛਾਂ ਵਿੱਚ ਸੁਆਂਦਾ ਏ,
ਜਿਹੜਾ ਵੀ ਸ਼ਰਨ ਲਏ,
ਉਸ ਤਾਈਂ ਬਚਾਂਦਾ ਏ।
ਜੇ ਝੱਖੜ ਆ ਜਾਵੇ,
ਜੇ ਹਨੇਰੀ ਆ ਜਾਵੇ,
ਅਬਦਾਲੀ ਆ ਜਾਵੇ,
ਕੋਈ ਨਾਦਰ ਆ ਜਾਵੇ,
ਮਾਸੂਮ ਗੁਟਾਰਾਂ ਨੂੰ,
ਬੇਦੋਸੀਆਂ ਚਿੜੀਆਂ ਨੂੰ
ਬੇਲੋਸੀਆਂ ਘੁੱਗੀਆਂ ਨੂੰ,
ਕੂੰਜਾਂ ਦੀਆਂ ਡਾਰਾਂ ਨੂੰ,
ਇਹ ਤੁਰਤ ਲੁਕਾ ਲੈਂਦਾ,
ਇਹ ਆਹਲਣੇ ਪਾ ਲੈਂਦਾ,
ਤੇ ਰਾਖਾ ਬਣ ਬਹਿੰਦਾ।
ਪੈਰ ਇਸ ਦੇ ਧਰਤੀ ਤੇ।
ਪਰ ਆਪ ਉਚੇਰਾ ਏ।
ਜੇਲ੍ਹਾਂ ਦੀਆਂ ਕੋਠੜੀਆਂ,
ਜੰਜ਼ੀਰਾਂ ਹਥਕੜੀਆਂ,
ਇਹ ਰੱਸੇ ਫਾਂਸੀ ਦੇ,
ਤੇ ਤੜੀਆਂ ਰਾਜ ਦੀਆਂ
ਜਾਗੀਰਾਂ ਦੇ ਚਕਮੇਂ,
ਸਰਦਾਰੀ ਦੇ ਤਕਮੇ,
ਦੁਨੀਆਂ ਦੀਆਂ ਤੰਗ-ਦਿਲੀਆਂ
ਤੇੜਾਂ ਤੇ ਪਾਰਟੀਆਂ,
ਗੁਮਰਾਹੀਆਂ, ਰੰਗ ਰਲੀਆਂ,
ਤੇ ਕੁੜੀਆਂ ਝੰਗ ਦੀਆਂ।
ਇਹਦੇ ਗੋਡਿਓਂ ਥੱਲੇ ਨੇ,
ਇਹਦੇ ਗਿਟਿਓਂ ਥੱਲੇ ਨੇ,
ਇਹਦੇ ਪੈਰੋਂ ਥੱਲੇ ਨੇ,
ਜਿਥੇ ਦਿਲ ਇਸਦਾ ਏ,
ਜਿਥੇ ਸਿਰ ਇਸ ਦਾ ਏ,
ਉਹ ਥਾਂ ਉਚੇਰੀ ਏ,
ਉਹ ਖੁਲ੍ਹੀ ਹਵਾ ਵਿੱਚ ਏ,
ਉਹ ਪਾਕ ਫਜ਼ਾ ਵਿੱਚ ਏ,
ਉਹ ਖਾਸ ਖੁਦਾ ਵਿੱਚ ਏ,
ਜਿਥੇ ਨਾ ਵੈਰ ਕੋਈ,
ਜਿਥੇ ਨਾ ਗੈਰ ਕੋਈ,
ਕੀ ਹੋਇਆ ਜੇ,
ਅੱਜ ਸ਼ਾਖਾਂ ਏਸ ਦੀਆਂ,
ਅੱਜ ਲਗਰਾਂ ਏਸ ਦੀਆਂ,
ਆਪੋ ਵਿੱਚ ਪਾਟ ਗਈਆਂ,
ਆਪੋ ਵਿੱਚ ਤਿੜਕ ਪਈਆਂ
ਕੋਈ ਪੂਰਬ ਚਲੀ ਗਈ,
ਕੋਈ ਪੱਛਮ ਚਲੀ ਗਈ,
ਕੋਈ ਪਿੰਡੀ ਮੱਲ ਬੈਠੀ,
ਕੋਈ ਭੈਣੀ ਜਾ ਬੈਠੀ,
ਪਰ ਮੁੱਢ ਤਾਂ ਇੱਕੋ ਏ,
ਪਰ ਖੂਨ ਤਾਂ ਸਾਂਝਾ ਏ।

# ਮਿੱਟੀ 'ਚ ਉੱਕਰੇ ਅੱਖਰ: ਨਵੇਂ ਪੁਰਾਣੇ ਨਿਖੜੇ ਨਕਸ਼

□ ਡਾ: ਦੇਵਿੰਦਰ ਕੌਰ

ਲੇਖਕ: ਚਰਨ ਸਿੰਘ
ਪ੍ਰਕਾਸ਼ਕ: ਨਵਯੁੱਗ ਪਬਲਿਸ਼ਰਜ਼, ਦਿੱਲੀ
ਸਫੇ: 96 ਮੁੱਲ: 25 ਰੁਪਏ

'ਮਿੱਟੀ 'ਚ ਉੱਕਰੇ ਅੱਖਰ' ਚਰਨ ਸਿੰਘ ਦਾ ਦੂਜਾ ਕਾਵਿ-ਸੰਗ੍ਰਹਿ ਹੈ। ਇਸ ਵਿੱਚ ਉਸ ਨੇ ਆਪਣੀਆਂ ਸਾਰੀਆਂ ਕਵਿਤਾਵਾਂ ਨੂੰ ਦੋ ਭਾਗਾਂ ਵਿੱਚ ਵੰਡ ਕੇ ਕਵਿਤਾ ਦੀ ਸ਼ੈਲੀ ਵਿੱਚ ਸਪੱਸ਼ਟ ਭਾਂਤ ਨਿਖੇੜਾ ਥਾਪਿਆ ਹੈ। ਇਹ ਕਾਵਿ-ਸੰਗ੍ਰਹਿ 1984 ਵਿੱਚ ਛਪਿਆ ਹੈ ਇਸ ਲਈ ਵਰਤਮਾਨ ਸਾਹਿਤਕ ਪ੍ਰਸੰਗ ਅਧੀਨ ਇਸ ਦੀ ਪਛਾਣ ਲਾਜ਼ਮੀ ਬਣ ਜਾਂਦੀ ਹੈ।

ਇਸ ਕਾਵਿ-ਸੰਗ੍ਰਹਿ ਦੇ ਦੂਜੇ ਭਾਗ ਦੀਆਂ ਕਵਿਤਾਵਾਂ ਪ੍ਰਗਤੀਵਾਦੀ-ਭਾਵਕੁਤਾਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਹਨ। ਇਸ ਵਿਚਾਰਧਾਰਾ ਨਾਲ ਸੰਬੰਧਿਤ ਅੰਮ੍ਰਿਤਾ-ਮੋਹਣ ਸਿੰਘ ਯੁੱਗ ਸੀ ਜਿੰਨ੍ਹਾਂ ਨੇ ਆਪਣੀ ਕਵਿਤਾ ਵਿੱਚ ਪੂੰਜੀਵਾਦੀ ਨਿਜ਼ਾਮ ਦਾ ਖੰਡਨ ਕਰਕੇ ਆਦਰਸ਼ਵਾਦੀ ਸਮਾਜਵਾਦ ਦੀ ਕਲਪਨਾ ਕੀਤੀ। ਇਹ ਦੌਰ ਕਦੋਂ ਸਦਾ ਲੰਘ ਚੁੱਕਿਆ ਹੈ।

ਪੁਸਤਕ ਦੇ ਪਹਿਲੇ ਭਾਗ ਦੀਆਂ 15 ਕਵਿਤਾਵਾਂ ਵਿੱਚ ਕਵੀ ਦਾ ਨਿਵੇਕਲਾ ਤੇ ਆਧੁਨਿਕ ਮੁਹਾਂਦਰਾ ਪਛਾਣਿਆ ਜਾ ਸਕਦਾ ਹੈ। ਇਨ੍ਹਾਂ ਕਵਿਤਾਵਾਂ ਦਾ ਨਵੇਕਲਾ ਲੱਛਣ ਇਨ੍ਹਾਂ ਵਿਚਲੀ ਬੌਧਿਕ ਚੇਤੰਨਤਾ ਹੈ। ਇਸ ਚੇਤੰਨਤਾ ਰਾਹੀਂ ਕਵੀ ਆਪਣੀ ਜ਼ਿੰਦਗੀ ਨੂੰ ਕਿਸੇ ਸੇਧ ਵਿੱਚ ਤੋਰਨਾ ਚਾਹੁੰਦਾ ਹੈ।

ਇਹਨਾਂ ਕਵਿਤਾਵਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਆਪਣੇ ਵਿਚਾਰ ਵਿੱਚ ਨਵੀਨ ਹਨ। ਇਹਨਾਂ ਕਵਿਤਾਵਾਂ ਵਿਚਲੀ 'ਮੈਂ' ਸ੍ਵੈ ਉਪਰ ਕੇਂਦਰਿਤ ਹੈ। ਇਸੇ ਸ੍ਵੈ ਵਿੱਚੋਂ ਹੀ ਉਹ ਜ਼ਿੰਦਗੀ ਦੇ ਹਾਂ ਮੁੱਖ ਅਤੇ ਨਾਂਹ ਮੁੱਖ ਦੋਹਾਂ ਪਹਿਲੂਆਂ ਦੀ ਤਲਾਸ਼ ਕਰਦੀ ਹੈ। ਇਸ ਲਈ ਕਿਧਰੇ ਤਾਂ ਉਸ ਨੂੰ ਸੂਰਜ ਡੁੱਬਦਾ ਹੀ ਨਹੀਂ ਦਿਸਦਾ। ਕਿਧਰੇ ਸਾਰਾ ਸ਼ਹਿਰ ਬਰਫ ਦੀ ਸਿਲ ਵਰਗਾ ਅਤੇ ਲੋਕ ਨਿਪੁੰਸਕ ਜਾਪਦੇ ਹਨ। ਇਉਂ ਜ਼ਿੰਦਗੀ ਵਿੱਚ ਦੋਹਾਂ ਤਰ੍ਹਾਂ ਦੇ ਅਨੁਭਵ ਹੰਢਾਉਂਦਾ ਹੋਇਆ ਉਹ ਦੋਵੇਂ ਤਰ੍ਹਾਂ ਦੇ ਵਿਚਾਰ ਪੇਸ਼ ਕਰਦਾ ਹੈ। ਆਪਣੇ ਬੀਤੇ ਨੂੰ ਭੁੱਲ ਕੇ ਹੁਣ ਨੂੰ ਜੀਉਣ ਦਾ ਅਨੁਭਵ ਆਧੁਨਿਕ ਮਨੁੱਖ ਦਾ ਹੈ।

ਮਨੁੱਖ ਦੇ ਜੀਵਨ ਦੀ ਤੋਰ ਇੰਨੀ ਤੇਜ਼ ਹੋ ਚੁੱਕੀ ਹੈ ਕਿ ਉਸ ਕੋਲ ਕੇਵਲ ਬੀਤੇ ਹੋਏ ਕਲ ਨੂੰ ਹੀ ਰੋਈ ਜਾਣ ਦਾ ਵਕਤ ਨਹੀਂ। ਇੱਥੇ ਇਹ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਨਸਾਨ ਦੀ ਭਾਵੁਕਤਾ ਮਰ ਗਈ ਹੈ ਲੇਕਿਨ ਇਹ ਕਹਿਣਾ ਚਾਹੀਦਾ ਹੈ ਕਿ ਅੱਜ ਦਾ ਮਨੁੱਖ ਆਪਣੀ ਭਾਵੁਕਤਾ ਦਾ ਦਮਨ ਕਰਦਾ ਹੈ। ਭਾਵੁਕਤਾ ਦੇ ਦਬਾਓ ਵਿੱਚੋਂ ਹੀ ਉਸ ਦੀਆਂ ਤਲਖੀਆਂ ਜਨਮ ਲੈਂਦੀਆਂ ਹਨ ਤੇ ਉਹ ਪੁਲਾੜ ਵਿੱਚ ਉਡਦਾ ਹੋਇਆ ਆਪੇ ਤੋਂ ਆਪੇ ਤੱਕ ਦਾ ਸਫਰ ਤੈਅ ਕਰਦਾ ਹੈ। ਆਪੇ ਤੋਂ ਆਪੇ ਦੀ ਤ੍ਰਿਸ਼ਨਾ, ਆਪੇ ਤੋਂ ਆਪੇ ਤੱਕ ਦਾ ਪੈਂਡਾ ਅੱਜ ਦੇ ਮਨੁੱਖ ਦੀ ਹੋਣੀ ਹੈ। ਇਸ ਹੋਣੀ ਨੂੰ ਭੋਗਦਾ ਹੋਇਆ ਇਨ੍ਹਾਂ ਕਵਿਤਾਵਾਂ ਵਿਚਲਾ ਕਵੀ ਜਦੋਂ ਚੇਤੰਨ ਹੋਣ ਦੀ ਗੱਲ ਕਰਦਾ ਹੈ। ਇਸ ਹੋਣੀ ਨੂੰ ਭੋਗਦਾ ਹੋਇਆ ਇਨ੍ਹਾਂ ਕਵਿਤਾਵਾਂ ਵਿਚਲਾ ਕਵੀ ਜਦੋਂ ਚੇਤੰਨ ਹੋਣ ਦੀ ਗੱਲ ਕਰਦਾ ਹੈ ਤਾਂ ਉਸ ਵਿੱਚ ਉਸ ਦੀ ਛੁੱਪੀ ਭਾਵੁਕਤਾ ਨਜ਼ਰ ਆਉਂਦੀ ਹੈ:

ਤੇਰੇ ਬਿਨ ਬਨਵਾਸ ਹੈ ਮਾਂ
ਪਰ ਬਾਪੂ ਦਸ਼ਰਥ ਨਹੀਂ ਮੇਰਾ
ਨਾ ਹੀ ਮੈਂ ਰਾਮ ਹਾਂ।" (ਪੰਨਾ 31)

ਇਹਨਾਂ ਕਵਿਤਾਵਾਂ ਵਿੱਚ ਵਿਚਾਰਧਾਰਾ ਨਵੀਂ ਹੋਣ ਦਾ ਕਾਰਣ ਇਸ ਦੇ ਪ੍ਰਤੀਕ ਵਿਧਾਨ ਵਿੱਚ ਨਵੀਨਤਾ ਹੋਣਾ ਹੈ। ਵਿਗਿਆਨਕ ਯੁੱਗ ਦੇ ਨਾਲ ਸੰਬੰਧਿਤ ਤਕਨੀਕੀ ਪ੍ਰਤੀਕਾ ਦੀ ਵਰਤੋਂ ਕਰ ਕੇ ਕਵੀ ਕਵਿਤਾ ਦਾ ਨਵੀਨ ਮਾਹੌਲ ਸਿਰਜਣ ਦਾ ਯਤਨ ਕਰਦਾ ਹੈ। ਲੇਕਿਨ ਇਹ ਨਵੀਨਤਾ ਪੈਰੋਲ ਦੇ ਪੱਧਰ ਦੀ ਕਹੀ ਜਾ ਸਕਦੀ ਹੈ। ਲੋਂਗ ਦੀ ਪੱਧਰ ਤੇ ਉਹ ਆਪਣੀਆਂ ਦੂਜੇ ਭਾਗ ਵਾਲੀਆਂ ਕਵਿਤਾਵਾਂ ਦੀ ਨਾਅਰੇਬਾਜ਼ੀ ਵਾਲੀ ਵਿਧੀ ਨੂੰ ਦੁਹਰਾਉਂਦਾ ਹੀ ਪ੍ਰਤੀਤ ਹੁੰਦਾ ਹੈ।

ਬੋਲ ਤੇਰੇ ਦੀਆਂ ਘੁੱਟਾਂ ਪੀਵਾਂ, ਹੋਠਾਂ ਨੂੰ ਵਰਚਾਵਾਂ,
ਪਰ ਅੰਦਰ ਵਿੱਚ ਹੋਰ ਵੀ ਡੂੰਘੀ, ਤ੍ਰੇਹ ਤਾਂ ਓਵੇਂ ਦੂਣੀਂ।

ਵਰਖਾ ਆਉਂਦੀ, ਆਕੇ ਮੁੜਦੀ,ਵਣ ਤ੍ਰਿਣ ਖਿੜ ਖਿੜ ਜਾਂਦੇ,
ਓਥੇ ਫੁੱਲ ਕਦੋਂ ਉਗੇ ਹਨ, ਜਿੱਥੇ ਅੱਗ ਦੀ ਧੂੰਣੀਂ ?

ਸੇਫ ਡਰਾਈਵਿੰਗ ਗਾਈਡ

ਹੁਣ ਡਰਾਈਵਿੰਗ ਸਿਖਣੀ ਤੁਹਾਡੇ ਲਈ ਹੋਰ ਵੀ ਆਸਾਨ ਹੋ ਗਈ ਹੈ।

ਬਾਬੂ ਬਾਂਸਲ ਨੇ ਅੰਗਰੇਜ਼ੀ ਤੇ ਪੰਜਾਬੀ ਦੋਵਾਂ ਬੋਲੀਆਂ ਵਿਚ ਕਿਤਾਬ ਛਾਪੀ ਹੈ ਜਿਸਦਾ ਹਰ ਘਰ ਵਿਚ ਹੋਣਾ ਜ਼ਰੂਰੀ ਹੈ। ਅੱਜ ਹੀ ਇਨ੍ਹਾਂ ਸਟੋਰਾਂ ਤੋਂ ਖਰੀਦੋ।

Available At:
Advance Driving School
4677 Main St., Vancouver
Ph. 872-7375

Main Food Centre
6681 Main S. Vancouver
Ph. 324-4185

Goyal Video King
4156 Fraser ST., Vancouver
Ph. 873-8308

Mann Music & Video
6512 Main St., Vancouver
Ph. 321-6667

Paul's Plumbing
4774 Main St., Vancouver
Ph. 872-3118

TICKETS TO ANYWHERE
GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

6612, MAIN ST.
VANCOUVER, B. C.
PHONE: 324-3336

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (Fareedkot)

# Sunset Printing & Graphics Ltd.

**COPIES**
**1⅓¢**
AS LOW AS
with 5 M. Order

4277 Fraset St. (26th & Fraser)
Vancouver, B.C. V5V 4G1
**Phone (604)874-2023**

## This is not a Sale Its a Steal

**Save upto 50% with this flyer**

Guaranteed Quality
Workmanship with low Prices
Take advantage of this Exclusive offer
Reliable and fast service

Business Cards $30.00(1000)
Letterheads $38.00 (1000)
Envelopes No. 10 $42.00 (1000)

Black Print on White Stock Art Work EXTRA (Type Setting Included)

25% 25% 25% 25%

**25% Discount on Business Forms**

* NCR Work Order
* NCR Business Forms
* Wedding Invitations
* Magazines
* Newsletters

**We also do**

Cheques, Menus, Numbering, Magazines, Flyers, Wedding Invitations, Crash Imprints, NCR Forms, Carbon set Forms Tickets.

## OFFER TILL Aug. 31, 1984

**FLYERS : 8½x11**
included type setting Black on White

| | Reg. Price | Sale Price |
|---|---|---|
| 5000 | 135.00 | 95.00 |
| 10.000 | 270.00 | 179.00 |
| 15,000 | 405.00 | 262.50 |
| 20.000 | 540.00 | 350.00 |

...Art Work Extra

**MENUS :**
5000 and up - $18.00
Camera Ready Copy
Type Setting Extra

Federal Tax Plus SS Tax Extra

**TERMS CASH ONLY**

**Discount Coupon**

**Special on Photo Copies**
**3½¢** per Copy and up

**Sunset Printing & Graphics Ltd.**
4277 Fraser St. (26th and Fraser)
Vancouver, B.C.
**Ph. (604)874-2023**

# GOYAL THE VIDEO KING

4160 FRASER ST., VANCOUVER, B.C. V5V 4E8. Ph. 873-8308



ਰਾਜਿੰਦਰ ਗੋਇਲ

## Proudly Announces a Grand Sale On Panasonic® Products

**Panasonic®**
just slightly ahead of our time

PV-1227-K



**$549.95**

WORLD'S MOST ADVANCE PORTABLE MACHINE
**PV 6600 K**



Now or only **$1349.95**

PV-1231R-K



**$675.00**

**Mail Orders Accepted**

We Sell TV's, Microwave Ovens, Stereos, Calculators, Radios and Samsonite Luggage at VERY REASONABLE PRICES

JUST ARRIVED
**PANASONIC'S**

Irons, Toasters & Food Processors for Canadian Voltage

PANASONIC ALL-STAR VIDEO VALUES



Released or Releasing :

ਦੇਵ ਆਨੰਦ ਦੀ ਫਿਲਮ
**ਅਨੰਦ ਔਰ ਅਨੰਦ**

ਭਾਰਤੀ ਪੰਜਾਬੀ ਫਿਲਮ
**ਵਹੁਟੀ ਹੱਥ ਸੋਟੀ**

ਧਰਮਿੰਦਰ ਅਤੇ ਰਾਜੇਸ਼ ਖੰਨਾ ਦੀ ਫਿਲਮ
**ਧਰਮ ਔਰ ਕਾਨੂੰਨ**

ਰਾਜ ਬੱਬਰ ਅਤੇ ਰਤੀ ਅਗਨੀਹੋਤਰੀ
**ਉਲਟਾ ਸੀਧਾ** ਵਿੱਚ

ਅਸ਼ੋਕ ਕੁਮਾਰ
**ਰਾਜਾ ਔਰ ਰਾਣਾ** ਵਿੱਚ

ਏਕ ਔਰ ਅਨੇਕ ਫਿਲਮ ਦੇ ਗੀਤ ਗਾਏ
**ਮੁਕੇਸ਼**

and many more new and old Video Films
We've the biggest and best selection of Hindi/Punjabi Video Movies from India Pakistan.

ਹੋਰ ਜਾਣਕਾਰੀ ਲਈ ਕ੍ਰਿਪਾ ਕਰਕੇ ਫੋਨ ਕਰੋ

(604) 873-8308